# ਸਮਤਾ

ਮਈ 1985 (ਅੰਕ 60)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਈ 1985

ਮੁੱਲ—ਦੋ ਰੁਪਏ

60

## ਇਸ ਅੰਕ ਵਿਚ


- **ਸੰਪਾਦਕੀ** : ਪੰਜਾਬ ਦਾ ਮਸਲਾ ਸੰਬਧਤ ਧਿਰਾਂ ਵਲੋਂ ਆਪਣੀ ਆਪਣੀ ਗ਼ਲਤੀ ਦਾ ਇਤਰਾਫ ਕਰਨ ਦੀ ਇਖਲਾਕੀ ਜੁਰਅਤ ਤੋਂ ਸਿਵਾ ਹੱਲ ਨਹੀਂ ਹੋ ਸਕਦਾ ।
- **ਸੰਪਾਦਕੀ ਟਿਪਣੀਆਂ** : 1. ਕਾਂਗਰਸ ਅਤੇ ਅਕਾਲੀ ਇਕ ਦੂਜੇ ਦੇ ਵਿਹੜੇ ਵਿਚ ਗੇਂਦ ਸੁਟਣ ਦੀ ਥਾਂ ਖਿਡਾਰੀਆਂ ਦੇ ਅਸੂਲਾਂ ਅਨੁਸਾਰ ਖੇਡ ਖੇਡਣ । ਉਹਨਾਂ ਦੀ ਹੁਣ ਵਾਲੀ ਖੇਡ ਰੌਂਦੂਆਂ ਵਾਲੀ ਖੇਡ ਹੈ।
  2. ਕਤਲੋਗ਼ਾਰਤ ਦੀ ਸਿਆਸਤ ਅਤੇ ਪੁਲਸ ਜ਼ਬਰ ਦੋਨੋਂ ਸਾਧਾਰਨ ਲੋਕਾਂ ਦੇ ਹੱਕਾਂ ਤੇ ਛਾਪਾ ਹੈ ।
  3. ਬਹੁਮੁਲਕੀ ਕੰਪਨੀਆਂ ਵਲੋਂ ਤੀਜੀ ਦੁਨੀਆਂ ਦੀ ਲੁੱਟ ਖਸੁੱਟ ਵਿਰੋਧ ਲੋਕ ਰਾਏ ਜਥੇਬੰਦ ਕਰਨ ਲਈ ਇਹਨਾਂ ਕੰਪਨੀਆਂ ਵਲੋਂ ਬਣੀਆਂ ਚੀਜ਼ਾਂ ਦਾ ਬਾਈਕਾਟ ਕੀਤਾ ਜਾਏ ।
- **ਇਕ ਚਿੱਠੀ ਉਹਨਾਂ ਵਲੋਂ ਜੋ ਦੂਜਿਆਂ ਨੂੰ ਮੱਖੀਆਂ ਅਤੇ ਆਪਣੇ ਆਪ ਨੂੰ ਭਮੱਕੜ ਸਮਝਦੇ ਹਨ ਤੇ ਸੰਪਾਦਕ ਵਲੋਂ ਉਹਨਾਂ ਨੂੰ ਜਵਾਬ ।**
- **ਕਵਿਤਾਵਾਂ** : ਤਰਸੇਮ ਰਾਣਾ, ਬਲਬੀਰ ਪਰਵਾਨਾ, ਸੁਖਦੇਵ ਸਿੰਘ ਮਾਹੀ, ਸੁਖਪਾਲ, ਹਰਦੇਵ ਸਿੰਘ ਰਾਏਪੁਰ
- **ਕਹਾਣੀ** : ਨਿੰਦਰ ਗਿਲ ਦੀ 'ਖੇਰੂੰ ਖੇਰੂੰ'; ਜਦੋਂ ਕਿਸਾਨ ਦੀ ਕਣਕ ਦੀ ਮੰਡੀਆਂ ਵਿਚ ਬੇਪੱਤੀ ਹੁੰਦੀ ਹੈ ।
- **ਵਿਚਾਰ ਚਰਚਾ** : ਕਮਿਊਨਿਸਟ ਇਨਕਲਾਬੀਆਂ ਦੀ ਏਕਤਾ ਬਾਰੇ ਜੈਕਾਰੇ ਅਤੇ ਕਮਿਊਨਿਸਟ ਵਰਕਰ ਦੇ ਸਾਂਝੇ ਬਿਆਨ ਉਤੇ ਮਾਰਕਸੀ ਵਿਚਾਰ ਮੰਚ ਵਲੋਂ ਟਿੱਪਣੀ—ਫੁੱਟ ਦਾ ਕਾਰਨ ਸਿਰਫ ਕੌਮਾਂਤਰੀ ਲਹਿਰ ਉਤੇ ਨਹੀਂ ਸੁੱਟਿਆ ਜਾ ਸਕਦਾ ਸਗੋਂ ਭਾਰਤ ਦੀ ਸਥਿਤੀ ਦੀ ਗ਼ਲਤ ਸਮਝ ਹੈ—ਅਤੇ ਏਕਤਾ ਲਈ ਡਾਇਲਾਗ ਦਾ ਬੜਾ ਹੋਰ ਵਿਸ਼ਾਲ ਹੋਣਾ ਚਾਹੀਦਾ ਹੈ ।
- ਲੋਕਾਂ ਦੀ ਚੇਤਨਾ ਪ੍ਰਚੰਡ ਕਰਨ ਲਈ ਸਾਹਿਤ ਦੀ ਇਕ ਵਿਸ਼ੇਸ਼ ਭੂਮਿਕਾ ਹੈ । ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅਤੇ ਹੋਰ ਲੋਕ ਪੱਖੀ ਸੰਸਥਾਵਾਂ ਦੀ ਇਸ ਦਿਸ਼ਾ ਵਿਚ ਦੇਣ ਇਕ ਸੰਖੇਪ ਰੀਪੋਰਟ।
- ਇਕ ਦੁਖੀ ਮਾਂ ਦੀ ਚਿੱਠੀ ਜਿਸਦਾ ਇਕਲੌਤਾ ਪੁਤਰ ਸਿਕਿਉਰਟੀ ਫੋਰਸ ਵਲੋਂ ਮਾਰਿਆ ਗਿਆ ।
- ਡਾਕਟਰ ਸੁਖਦੇਵ ਸਿੰਘ ਉਤੇ ਨੰਗੇ ਪੁਲਸ ਜ਼ਬਰ ਦੀ ਜਮਹੂਰੀ ਅਧਿਕਾਰੇ ਸਭਾ ਵਲੋਂ ਜਾਂਚ ਰੀਪੋਰਟ ।
- ਤੇ ਕੁਝ ਚਿੱਠੀਆਂ—ਹਰਿੰਦਰ ਮਾਹਿਲ ਅਤੇ ਰਣਧੀਰ ਸਿੰਘ ਸਿਵੀਆ


**ਬੇ-ਸੁਰਾ ਮੌਸਮ** 1930-84 ਦੀ ਪ੍ਰਗਤੀਵਾਦੀ ਕਾਵਿਧਾਰਾ ਦੀਆਂ ਚੋਣਵੀਆਂ ਕਵਿਤਾਵਾਂ ਦਾ ਇਕ ਵਿਸ਼ੇਸ਼ ਸੰਗ੍ਰਿਹ ਜਿਸਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਡਾਕਟਰ ਕਰਮਜੀਤ ਸਿੰਘ ਨੇ ਸੰਪਾਦਤ ਕੀਤਾ ਹੈ । ਉਹਨਾਂ ਦੀ ਧਾਰਨਾ ਹੈ ਕਿ:—

ਪ੍ਰਗਤੀਵਾਦੀ ਵਿਚਾਰਧਾਰਾ ਸਮਾਜ ਦੀ ਇਤਿਹਾਸਕ ਤੋਰ ਨੂੰ ਦਵੰਦਵਾਦੀ ਦ੍ਰਿਸ਼ਟੀ ਤੋਂ ਦੇਖਦੀ ਹੈ । ਇਤਿਹਾਸ ਦੇ ਹਰ ਪੜਾਅ ਤੇ ਨਵੀਨ ਪ੍ਰਸਥਿਤੀਆਂ ਹਾਜ਼ਰ ਹੁੰਦੀਆਂ ਹਨ ਤੇ ਇਸੇ ਲਈ ਇਨ੍ਹਾਂ ਦਾ ਨਵੇਂ ਸਿਰਿਉਂ ਵਿਸ਼ਲੇਸ਼ਣ ਕਰਨ ਦੀ ਲੋੜ ਪੈਂਦੀ ਹੈ । ਅਜਿਹਾ ਕਰਕੇ ਹੀ ਭਵਿੱਖ ਵੱਲ ਕੋਈ ਕਦਮ ਪੁੱਟਿਆ ਜਾ ਸਕਦਾ ਹੈ ।

ਪੰਜਾਬੀ ਦੇ ਅਜੋਕੇ ਪ੍ਰਗਤੀਵਾਦੀ ਕਵੀਆਂ ਨੇ ਇਸ ਚਣੌਤੀ ਨੂੰ ਕਿਸ ਤਰ੍ਹਾਂ ਸ੍ਵੀਕਾਰ ਹੈ ? ਇਸ ਸਵਾਲ ਦਾ ਜਵਾਬ ਇਸ ਸੰਗ੍ਰਿਹ ਵਿਚ ਹਾਜ਼ਰ ਹੈ ।

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀ ਭੇਂਟ** ਮੁੱਲ 4/-

## ਸੰਪਾਦਕੀ : ਇਖਲਾਕੀ ਜੁਰਅਤ

ਪੰਜਾਬ ਦੇ ਮਸਲੇ ਦਾ ਹੱਲ ਇਕ ਇਖ਼ਲਾਕੀ ਜੁਰਅਤ ਦੀ ਮੰਗ ਕਰਦਾ ਹੈ। ਜੇ ਇਹ ਸਬੰਧਤ ਧਿਰਾਂ ਦਾ ਵਕਾਰ ਦਾ ਮਸਲਾ ਬਣਿਆ ਰਿਹਾ ਤਾਂ ਇਹਦਾ ਕੋਈ ਹੱਲ ਨਹੀਂ ਨਿਕਲਣਾ। ਜੇ 1978 ਤੋਂ ਪਹਿਲੇ ਵਾਲੇ ਪੰਜਾਬ ਤੇ ਨਜ਼ਰ ਮਾਰੀਏ ਤੇ ਹੁਣ ਵਾਲੇ ਪੰਜਾਬ ਨੂੰ ਦੇਖੀਏ ਤਾਂ ਜਨ ਸਾਧਾਰਨ ਦੀ ਜ਼ਿੰਦਗੀ ਵਿਚ ਫ਼ਰਕ ਕੇਵਲ ਏਨਾ ਹੀ ਹੈ ਕਿ ਉਸ ਵੇਲੇ ਇਹ ਮਸਲਾ ਨਹੀਂ ਸੀ ਤੇ ਹੁਣ ਇਹ ਮਸਲਾ ਹੈ। ਬਾਕੀ ਸਭ ਕੁਝ ਉਹੋ ਹੀ ਹੈ। ਉਸੇ ਤਰ੍ਹਾਂ ਦਾ ਭ੍ਰਿਸ਼ਟ ਸਰਕਾਰੀ ਪ੍ਰਬੰਧ, ਕਿਸਾਨਾ ਵਲੋਂ ਰੀਕਾਰਡ ਕਣਕ ਦੀ ਉਪਜ, ਮੰਡੀਆਂ ਵਿਚ ਇਸ ਕਣਕ ਈ ਬੇਪੱਤੀ, ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ, ਦਾਜ ਦੇ ਲਾਲਚੀਆਂ ਹੱਥੋਂ ਸੜ ਰਹੀਆਂ ਕੁੜੀਆਂ ਆਦਿਕ। 6 ਸਾਲਾਂ ਵਿਚ ਬੈਠੇ ਬਿਠਾਏ ਹੇਠਲੀ ਉਤਲੀ ਹੋ ਗਈ ਪਰ ਜਨਸਾਧਾਰਨ ਦਾ ਕੋਈ ਵੀ ਅਸਲੀ ਮਸਲਾ ਹੱਲ ਨਾਂ ਹੋਇਆ। ਇਹ ਜੋ ਕੁਝ ਵੀ ਹੋਇਆ, ਇਹਦੇ ਬਾਰੇ ਇਕ ਦੂਜੇ ਤੇ ਇਲਜ਼ਾਮ ਦੇਣ ਨਾਲ ਤਾਂ ਕੁੱਝ ਹਾਸਿਲ ਨਹੀਂ ਹੋਣਾ। ਹਰ ਇਕ ਘਟਨਾ ਬਾਰੇ ਦੋ ਰਾਵਾਂ ਹਨ। ਸਿੱਖਾਂ ਦੀ ਧਿਰ ਦੀ ਵੱਖਰੀ, ਹਿੰਦੂਆਂ ਦੀ ਵੱਖਰੀ। ਜੇ ਕੋਈ ਨਿਰਪੱਖ ਕਮਿਸ਼ਨ ਬੈਠ ਵੀ ਜਾਏਗਾ ਤਾਂ ਉਹਦਾ ਫ਼ੈਸਲਾ ਵੀ ਇਸੇ ਰੌਸ਼ਣੀ ਵਿਚ ਲਿਆ ਜਾਏਗਾ। ਫੇਰ ਜਨ ਸਾਧਾਰਨ ਕੀ ਕਰੇ ? ਜਨਸਾਧਾਰਨ ਦੋਵੇਂ ਸੰਬੰਧਤ ਧਿਰਾਂ ਤੇ ਜ਼ੋਰ ਦੇਵੇ ਕਿ ਉਹ ਆਪਣੇ ਆਪਣੇ ਗੁਨਾਹਾਂ ਜਾਂ ਗਲਤੀਆਂ ਦਾ ਇਤਰਾਫ਼ ਕਰਕੇ ਨਵਾਂ ਕਾਂਡ ਆਰੰਭ ਕਰਨ।

**ਕਾਂਗਰਸ ਦਾ ਗੁਨਾਹ** : 1. ਮਸਲੇ ਨੂੰ ਰਾਜਸੀ ਹਿਤਾਂ ਵਾਸਤੇ ਉਲਝਾਇਆ।

2. ਪੁਲਸ ਹੱਥੋਂ ਸਾਧਾਰਨ ਲੋਕਾਂ ਤੇ ਅਤਿਆਚਾਰ ਕਰਵਾਇਆ ਅਤੇ ਝੂਠੇ ਪੁਲਸ ਮੁਕਾਬਲਿਆਂ ਵਿਚ ਨੌਜਵਾਨਾਂ ਨੂੰ ਮਰਵਾਇਆ।

3. ਦਰਬਾਰ ਸਾਹਿਬ ਦੇ ਐਕਸ਼ਨ ਵੇਲੇ ਗ਼ਲਤ ਢੰਗ ਅਪਣਾਏ ਅਤੇ ਫ਼ੌਜ ਨੂੰ ਅਕਾਲ ਤਖ਼ਤ ਢਾਹੁਣ ਦੀ ਇਜਾਜ਼ਤ ਦਿੱਤੀ।

4. ਅਕਾਲ ਤਖ਼ਤ ਨੂੰ ਸੰਤਾ ਸਿੰਘ ਵਰਗੇ ਸਰਕਾਰੀਆਂ ਕੋਲੋਂ ਮੁੜ ਬਣਵਾਕੇ ਸਿਖਾਂ ਦੇ ਜ਼ਖ਼ਮਾਂ ਉਤੇ ਲੂਣ ਛਿੜਕਿਆ।

5. ਨਵੰਬਰ ਵਿਚ ਦਿੱਲੀ ਅਤੇ ਭਾਰਤ ਦੀਆਂ ਹੋਰ ਥਾਵਾਂ ਤੇ ਸਿਖਾਂ ਦਾ ਕਤਲੇਆਮ ਕਰਵਾਇਆ।

**ਅਕਾਲੀਆਂ ਦਾ ਗੁਨਾਹ** : 1. ਰਾਜਸੀ ਮੰਗਾਂ ਨੂੰ ਧਰਮ ਯੁੱਧ ਦਾ ਰੂਪ ਦਿੱਤਾ।

2. ਦਰਬਾਰ ਸਾਹਿਬ ਵਿਚ ਮੋਰਚੇ ਬੰਧੀ ਨੂੰ ਨਾਂ ਰੋਕਿਆ।

3. ਸਮਾਜ ਦੁਸ਼ਮਣ ਅਨਸਰਾਂ ਨੂੰ ਦਰਬਾਰ ਸਾਹਿਬ ਵਿਚ ਪਨਾਹ ਲੈਣ ਦਿੱਤੀ।

4. ਖਾਲਿਸਤਾਨ ਬਾਰੇ ਅਤੇ ਕਤਲੋਗਾਰਤ ਦੀ ਸਿਆਸਤ ਬਾਰੇ ਡਾਂਵਾਂਡੋਲਤਾ ਵਿਖਾਈ।

**ਸਿੰਘ ਸਾਹਿਬਾਨ ਦਾ ਗੁਨਾਹ** : 1 ਦਰਬਾਰ ਸਾਹਿਬ ਦੇ ਐਕਸ਼ਨ ਤੋਂ ਬਾਅਦ ਟੈਲੀਵੀਜ਼ਨ ਤੇ ਗ਼ਲਤ ਬਿਆਨ ਦਿਤਾ ਕਿ ਕੋਠਾ ਸਾਹਿਬ ਠੀਕ ਠਾਕ ਹੈ।

2. ਗਿਆਨੀ ਜ਼ੈਲ ਸਿੰਘ ਨੂੰ ਪਹਿਲੇ ਤਨਖਾਹੀਆ ਕਰਾਰ ਦੇ ਦਿਤਾ ਤੇ ਫੇਰ ਇਹ ਫੈਸਲਾ ਵਾਪਸ ਲੈ ਲਿਆ।

3. ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪਹਿਲੇ ਨਿਖੇਧੀ ਦਾ ਬਿਆਨ ਦਿਤਾ ਤੇ ਫੇਰ ਇਹ ਬਿਆਨ ਵਾਪਸ ਲੈ ਲਿਆ।

ਪੰਜਾਬ ਦਾ ਮਸਲਾ ਇਕ ਦਿਨ ਵਿਚ ਹੱਲ ਹੋ ਸਕਦਾ ਹੈ ਜੇਕਰ ਕਾਂਗਰਸ ਵਲੋਂ ਰਾਜੀਵ ਗਾਂਧੀ, ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਅਤੇ ਅਕਾਲੀਆਂ ਵਲੋਂ ਸੰਤ ਲੌਂਗੋਵਾਲ, ਗੁਰਚਰਨ ਸਿੰਘ ਟੋਹਰਾ ਅਤੇ ਗਿਆਨੀ ਕ੍ਰਿਪਾਲ ਸਿੰਘ ਆਪਣੀਆਂ ਗ਼ਲਤੀਆਂ ਦਾ ਇਤਰਾਫ਼ ਕਰਕੇ ਪੰਜਾਬ ਦੇ ਲੋਕਾਂ ਕੋਲੋਂ ਮੁਆਫ਼ੀ ਮੰਗਣ ਦੀ ਇਖ਼ਲਾਕੀ ਜੁਰਅਤ ਵਿਖਾਉਣ। ਫੇਰ ਨਾ ਹੀ ਵਡੀ ਗਿਣਤੀ ਵਿਚ ਜੇਲਾਂ ਵਿਚ ਡੱਕੇ ਲੋਕਾਂ ਨੂੰ ਛੱਡਣ ਵਿਚ ਹਿਚਕਚਾਹਟ ਹੋਵੇਗੀ ਅਤੇ ਨਾਂ ਹੀ ਭਗੌੜੇ ਸਿਪਾਹੀਆਂ ਉਤੇ ਐਕਸ਼ਨ ਦੀ ਲੋੜ ਪਵੇਗੀ। ਇਕ ਰਾਜਸੀ ਸਦ-ਭਾਵਨਾ ਪੈਦਾ ਹੋਏਗੀ ਤੇ ਮਸਲਿਆਂ ਦਾ ਨਿਆਂ ਪੂਰਬ ਹੱਲ ਲਭੇਗਾ (ਜੋ ਨਵੰਬਰ 1982 ਏਸ਼ੀਆ ਖੇਡਾਂ ਵੇਲੇ ਲਭਿਆ ਜਾ ਚੁਕਿਆ ਸੀ)। ਜਿਨਾਂ ਚਿਰ ਇਹ ਇਤਰਾਫ਼ ਨਹੀਂ ਹੁੰਦਾ, ਇਹ ਇਕ ਦੂਜੇ ਦੇ ਵਿਹੜੇ ਵਿਚ ਗੇਂਦ ਸੁਟਣ ਦੀ ਦੰਭੀ ਖੇਡ ਜਾਰੀ ਰਹੇਗੀ ਅਤੇ ਪੰਜਾਬ ਦੇ ਲੋਕ ਸੂਲੀ ਟੰਗੇ ਰਹਿਣਗੇ। —ਗੁਰਸ਼ਰਨ ਸਿੰਘ

ਸੰਪਾਦਕੀ ਟਿਪਣੀਆਂ

## 1. ਇਕ ਦੂਜੇ ਦ ਵਿਹੜੇ ਵਿਚ ਗੇਂਦ ਸੁਟਣ ਦੀ ਖੇਡ :

ਇਹ ਖੇਡ ਪੰਜਾਬ ਦੇ ਖੇਡ ਮੈਦਾਨ ਵਿਚ ਖੇਡੀ ਜਾ ਰਹੀ ਹੈ। ਦੋ ਟੀਮਾਂ ਜੋ ਮੈਦਾਨ ਵਿਚ ਹਨ ਉਹਨਾਂ ਵਿਚੋਂ ਇਕ ਟੀਮ ਦੇ ਖਿਡਾਰੀਆਂ ਦੀ ਪੀਲੀ ਵਰਦੀ ਅਤੇ ਨੀਲੀ ਪਗੜੀ ਹੈ, ਜਦੋਂ ਦੂਜੀ ਟੀਮ ਨੇ ਉਤੋਂ ਤੋਂ ਲੈ ਕੇ ਥੱਲੇ ਚਿੱਟੀ ਖੱਦਰ ਦੀ ਵਰਦੀ ਪਾਈ ਹੈ। ਇਸ ਖੇਡ ਨੂੰ ਸਿਆਸਤ ਦੀ ਖੇਡ ਕਹਿੰਦੇ ਹਨ। ਨੀਲੀ ਪਗੜੀ ਵਾਲਿਆਂ ਦਾ ਕਹਿਣਾ ਹੈ ਕਿ ਚਿੱਟੀ ਵਰਦੀ ਵਾਲਿਆਂ ਨੇ ਦਰਬਾਰ ਸਾਹਿਬ ਦਾ ਐਕਸ਼ਨ ਕਰਕੇ ਜਿਹੜੀ ਗੇਂਦ ਉਹਨਾਂ ਦੇ ਵਿਹੜੇ ਵਿਚ ਸੁੱਟੀ ਸੀ, ਉਹ ਇੰਦਰਾ ਬੀਬੀ ਦੇ ਕੱਤਲ ਨਾਲ ਵਾਪਸ ਚਿੱਟੀ ਵਰਦੀ ਵਾਲਿਆਂ ਦੇ ਵਿਹੜੇ ਵਿਚ ਸੁੱਟ ਦਿਤੀ ਗਈ ਹੈ। ਚਿੱਟੀ ਵਰਦੀ ਵਾਲਿਆਂ ਨੇ ਦਰਬਾਰ ਸਾਹਿਬ ਦੇ ਐਕਸ਼ਨ ਕਰਨ ਵਾਲੇ ਫੌਜੀਆਂ ਦਾ ਸਨਮਾਨ ਕਰਕੇ ਜਿਹੜੀ ਗੇਂਦ ਫੇਰ ਨੀਲੀ ਵਰਦੀ ਵਾਲਿਆਂ ਦੇ ਵਿਹੜੇ ਸੁੱਟੀ ਸੀ, ਉਹ ਨੀਲੀ ਵਰਦੀ ਵਾਲਿਆਂ ਨੇ ਇੰਦਰਾਂ ਦੇ ਕਾਤਲਾਂ ਦੇ ਟੱਬਰਾਂ ਦਾ ਸਨਮਾਨ ਕਰਕੇ ਵਾਪਸ ਚਿੱਟੀ ਵਰਦੀ ਵਾਲਿਆਂ ਦੇ ਵਿਹੜੇ ਵਿਚ ਸੁੱਟ ਦਿਤੀ ਹੈ। ਚਿੱਟੀ ਵਰਦੀ ਵਾਲਿਆਂ ਦਾ ਕਹਿਣਾ ਹੈ ਕਿ ਕੁਝ ਮੰਗਾਂ ਮੰਨਕੇ ਗੇਂਦ ਹੁਣ ਨੀਲੀ ਵਰਦੀ ਵਾਲਿਆਂ ਦੇ ਵਿਹੜੇ ਵਿਚ ਹੈ। ਨੀਲੀ ਵਰਦੀ ਵਾਲਿਆਂ ਦਾ ਕਹਿਣਾ ਹੈ ਕਿ ਵਿਸਾਖੀ ਐਕਸ਼ਨ ਨੂੰ ਜੂਨ ਤਕ ਮੁਲਤਵੀ ਕਰਕੇ ਇਹ ਗੇਂਦ ਵਾਪਸ ਫੇਰ ਚਿੱਟੀ ਵਰਦੀ ਵਾਲਿਆਂ ਦੇ ਵਿਹੜੇ ਵਿਚ ਸੁੱਟ ਦਿਤਾ ਹੈ। ਬਾਹਰ ਬੈਠੇ ਦਰਸ਼ਕ, ਜੋ ਪੰਜਾਬ ਦੇ ਸਾਧਾਰਨ ਲੋਕ ਹਨ, ਇਹਨਾਂ ਦੀ ਖੇਡ ਤੋਂ ਅੱਕ ਗਏ ਹਨ। ਉਹਨਾਂ ਦੇ ਸਬਰ ਦਾ ਪਿਆਲਾ ਮੁੱਕ

---

## ਚੰਡੀਗੜ੍ਹ ਵਿਚ ਸਭਿਆਚਾਰਕ ਮੇਲਾ

ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਇੰਡਸਟਰੀਅਲ ਡੀਵੈਲਪਮੈਂਟ (ਕਰਿਡ ਸੰਸਥਾ) ਚੰਡੀਗੜ੍ਹ ਦੇ ਸਭਿਆਚਾਰਕ ਵਿੰਗ ਵਲੋਂ 5 ਮਈ ਤੋਂ 11 ਮਈ ਤੱਕ ਅਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਸਹਿਯੋਗ ਨਾਲ ਇਕ ਸਭਿਆਚਾਰਕ ਮੇਲਾ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਵੇਗਾ

| | | |
|---|---|---|
| 5 ਮਈ : ਨਾਟਕ 'ਧਮਕ ਨਗਾਰੇ ਦੀ' | — | ਲੇਖਕ ਗੁਰਸ਼ਰਨ ਸਿੰਘ ਅਮ੍ਰਿਤਸਰ ਨਾਟਕ ਕਲਾ ਕੇਂਦਰ |
| 6 ਮਈ : ਨਾਚ ਨਾਟਕ 'ਗ਼ਦਰ ਦੀ ਗੂੰਜ' | — | ਖਾਲਸਾ ਕਾਲਜ ਸਕੂਲ ਡਰਾਮਾ ਕਲੱਬ ਅੰਮ੍ਰਿਤਸਰ |
| ਗੀਤ ਸੰਗੀਤ | — | ਲੋਕ ਸੰਗੀਤ ਮੰਡਲੀ, ਭਦੌੜ (ਸੰਗਰੂਰ) |
| 7 ਮਈ : ਨਾਟਕ 'ਦੇਵ ਪੁਰਸ਼ ਹਾਰ ਗਏ' | — | ਲੋਕ ਨਾਟਕ ਕੇਂਦਰ, ਮਛੀਵਾੜਾ |
| ਕਵਿਤਾ ਸਮਾਗਮ | — | ਸੁਰਜੀਤ ਪਾਤਰ, ਪਾਸ਼, ਮਹਿੰਦਰਪਾਲ ਭੱਠਲ, ਬਚਨਜੀਤ ਅਤੇ ਹਰਭਜਨ ਹਲਵਾਰਵੀ। |
| 8 ਮਈ : ਨਾਟਕ 'ਰਿਸ਼ਤਿਆਂ ਦਾ ਕੀ ਰਖੀਏ ਨਾਂ' | | ਲੇਖਕ ਆਤਮਜੀਤ ਵਲੋਂ ਇਪਟਾ ਖੰਨਾ |
| ਭੰਡਾਂ ਦਾ ਤਮਾਸ਼ਾ | — | ਧਰਮਾ ਅਤੇ ਕਰਮਾ ਦੀ ਪਾਰਟੀ। |
| 9 ਮਈ : ਨਾਟਕ 'ਅੰਨ੍ਹੇ ਨਿਸ਼ਾਨਚੀ' | — | ਲੇਖਕ ਅਜਮੇਰ ਔਲਖ, ਪੰਜਾਬ ਨਾਟਕ ਕਲਾ ਕੇਂਦਰ |
| ਕਵਿਤਾ | — | ਸੰਤ ਰਾਮ ਉਦਾਸੀ ਨਾਲ ਇਕ ਸ਼ਾਮ। |
| 10 ਮਈ : ਨਾਟਕ 'ਮਿੱਟੀ ਦਾ ਮੁੱਲ' | — | ਓਮ ਪ੍ਰਕਾਸ਼ ਗਾਸੋ ਦੇ ਨਾਵਲ ਤੇ ਆਧਾਰਤ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ |
| ਕਵਿਤਾ | — | ਗੁਰਦਾਸ ਰਾਮ ਆਲਮ ਨਾਲ ਇਕ ਸ਼ਾਮ |
| ਕਵੀਸ਼ਰੀ | — | ਮੁਖ਼ਤਾਰ ਜ਼ਫਰ ਅਤੇ ਪਾਰਟੀ |
| 11 ਮਈ : ਗਲੀਆਂ ਦਾ ਨਾਟਕ | — | ਐਕਸ਼ਨ ਗੀਤਾਂ, ਸਕਿਟਾਂ ਅਤੇ ਨਾਟਕਾਂ ਦਾ ਇਕ ਮਿਲਿਆ ਜੁਲਿਆ ਪ੍ਰੋਗਰਾਮ। ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਇਕ ਵਿਸ਼ੇਸ਼ ਪੇਸ਼ਕਸ਼ |

**ਇਹ ਪ੍ਰੋਗਰਾਮ ਹਰ ਰੋਜ਼ ਸ਼ਾਮ $6\frac{1}{2}$ ਵਜੇ ਤੋਂ $8\frac{1}{2}$ ਵਜੇ ਤਕ**

Centre for Research in Rural & Industrial Development

Sector-19 A, Madhya Marg, (Opposits Sector 7, Shopping Complex)

ਦੇ ਵਿਹੜੇ ਵਿਚ ਹੋਵੇਗਾ। ਇਹਦੇ ਲਈ ਖੁਲ੍ਹਾ ਸੱਦਾ ਹੈ।

ਗਿਆ ਹੈ। ਕਿਸੇ ਵੀ ਘੜੀ ਹੁਣ ਉਹਨਾਂ ਨੇ ਮੈਦਾਨ ਤੇ ਹੱਲਾ ਬੋਲਕੇ ਉਹਨਾਂ ਦੋਨਾਂ ਟੀਮਾਂ ਨੂੰ ਮੈਦਾਨ ਤੋਂ ਬਾਹਰ ਭੱਜਾ ਦੇਣਾ ਹੈ। ਇਤਹਾਸ ਇਸ ਘੜੀ ਦੀ ਉਡੀਕ ਕਰ ਰਿਹਾ ਹੈ। o

## 2. ਜਬਰ ਹੀ ਜਬਰ

ਅਖਬਾਰ ਖੋਲੋ, ਅਤਿਵਾਦੀਆਂ ਦੇ ਹੱਥੋਂ ਮਤੇਵਾਲ ਵਿਚ ਤਿੰਨ ਹਿੰਦੂਆਂ ਦੁਕਾਨਦੋਰਾਂ ਦੇ ਕਤਲ ਦੀ ਖਬਰ ਅਤੇ ਨਾਲ ਹੀ ਪੁਲਸ ਹਿਰਾਸਤ ਵਿਚ ਕਿਸੇ ਸਾਧਾਰਨ ਸ਼ਹਿਰੀ ਦੇ ਮਰਨ ਦੀ ਖਬਰ। ਅਤਿਵਾਦੀਆਂ ਵਲੋਂ ਜੇ ਰਘੂਨੰਦਨ ਲਾਲ ਭਾਟੀਆ ਤੇ ਕਾਤਲਾਨਾ ਹਮਲਾ ਹੁੰਦਾ ਹੈ ਤਾਂ ਨਾਲ ਹੀ ਕਿਸੇ ਦੀਦਾਰ ਸਿੰਘ ਦਾ ਪੁਲਸ ਮੁਕਾਬਲੇ ਵਿਚ ਮਾਰੇ ਜਾਣ ਦੀ ਖਬਰ ਹੁੰਦੀ ਹੈ। ਲੋਕ ਹੈਰਾਨ ਤੇ ਪਰੇਸ਼ਾਨ ਹਨ। ਕਦੀ ਇਕ ਪੁਜ਼ੀਸ਼ਨ ਲੈਂਦੇ ਹਨ ਕਦੀ ਦੂਜੀ ਪੁਜ਼ੀਸ਼ਨ ਲੈਂਦੇ ਹਨ। ਇਕ ਦੂਜੇ ਦੀ ਧਿਰ ਤੇ ਇਲਜ਼ਾਮ ਲਗਾਉਂਦੇ ਹਨ, ਉਹਨਾਂ ਨੂੰ ਇਸ ਬਹਿਸ ਵਿਚ ਨਹੀਂ ਪੈਣਾ ਚਾਹੀਦਾ ਸਗੋਂ ਦੋਨਾਂ ਜਬਰਾਂ ਦੇ ਵਿਰੁੱਧ ਮਿਲ ਕੇ ਆਵਾਜ਼ ਉਠਾਣੀ ਚਾਹੀਦੀ ਹੈ। ਇਹ ਦੋਨੋਂ ਜਬਰ ਇਕੋ ਹੀ ਸਾਜ਼ਿਸ਼ ਦਾ ਹਿੱਸਾ ਹਨ ਜਿਸਦਾ ਨਿਸ਼ਾਨਾ ਲੋਕ ਸ਼ਕਤੀ ਨੂੰ ਖੇਰੂੰ ਖੇਰੂੰ ਕਰਨਾ ਹੈ। ਜਿੰਨੀ ਜਲਦੀ ਅਸੀਂ ਇਸ ਸਾਜ਼ਿਸ਼ ਨੂੰ ਸਮਝ ਜਾਈਏ, ਉਨੀਂ ਸ਼ਿੱਦਤ ਨਾਲ ਹੀ ਅਸੀਂ ਇਸਦਾ ਮੁਕਾਬਲਾ ਕਰ ਸਕਾਂਗੇ।

## 3. ਯੂਨੀਅਨ ਕਾਰਬਾਈਡ ਵਲੋਂ ਤਿਆਰ ਕੀਤੀਆਂ ਚੀਜ਼ਾਂ ਦਾ ਬਾਈਕਾਟ ਕਰੋ

ਇਹ ਅਪੀਲ ਕੇਰਲਾ ਦੇ ਸ਼ਾਸਤਰਾ ਸਾਹਿਤ ਪ੍ਰੀਸ਼ਦ ਵਲੋਂ ਕੀਤੀ ਗਈ ਹੈ, ਜੋ ਕਿ ਕੇਰਲਾ ਦੀ ਇਕ ਸਭਿਆਚਾਰਕ ਸੰਸਥਾ ਹੈ ਤੇ ਜਿਸਦਾ ਨਿਸ਼ਾਨਾ ਲੋਕਾਂ ਵਿਚ ਵਿਗਿਆਨਿਕ ਸਭਿਆਚਾਰ ਬਾਰੇ ਚੇਤਨਾ ਦਾ ਵਿਕਾਸ ਕਰਨਾ ਹੈ। ਉਹਨਾਂ ਨੇ ਆਪਣੇ ਸੂਬੇ ਵਿਚ ਯੂਨੀਅਨ ਕਾਰਬਾਈਡ ਦੀ ਬਹੁ ਕੌਮੀ ਕੰਪਨੀ ਵਲੋਂ ਤਿਆਰ ਕੀਤੀਆਂ ਚੀਜ਼ਾਂ ਦੇ ਬਾਈਕਾਟ ਦੀ ਮੁਹਿੰਮ ਚਲਾਈ ਹੈ ਅਤੇ ਬਾਕੀ ਭਾਰਤ ਦੇ ਲੋਕਾਂ ਨੂੰ ਵੀ ਇਹ ਕਰਨ ਦੀ ਅਪੀਲ ਕੀਤੀ ਹੈ, ਉਹਨਾਂ ਦੀ ਪੱਕੀ ਧਾਰਨਾ ਹੈ ਕਿ ਇਹ ਕੰਪਨੀ ਭੂਪਾਲ ਦੇ ਬੇ-ਗੁਨਾਹ ਲੋਕਾਂ ਦੇ ਕਤਲੇਆਮ ਦੀ ਜ਼ਿਮੇਂਵਾਰ ਹੈ। ਭੂਪਾਲ ਵਿਚ ਗੈਸ ਕਿਸੇ ਅਚਾਨਕ ਹਾਦਸੇ ਨਾਲ ਲੀਕ ਨਹੀਂ ਹੋਈ ਸਗੋਂ ਇਸ ਕੰਪਨੀ ਦੀ ਬੇਪ੍ਰਵਾਹੀ ਨਾਲ ਹੋਈ ਹੈ, ਕੰਪਨੀ ਦੀ ਨਜ਼ਰਾਂ ਵਿਚ ਮਨੁੱਖੀ ਜਾਨ ਦੀ ਕੋਈ ਕੀਮਤ ਨਹੀਂ, ਉਸ ਨੂੰ ਤਾਂ ਸਿਰਫ ਆਪਣੇ ਮੁਨਾਫੇ ਦੀ ਫ਼ਿਕਰ ਹੈ।

ਭੂਪਾਲ ਗੈਸ ਕਾਂਡ ਬਾਅਦ ਦੁਨੀਯਾ ਭਰ ਵਿਚ ਇਕ ਰੋਸ ਦੀ ਆਵਾਜ਼ ਉੱਚੀ ਹੋਈ। ਯੂਨੀਅਨ ਕਾਰਬਾਈਡ ਦੇ ਬੌਸ ਜੋ ਨਿਊਯਾਰਕ ਬੈਠੇ ਹਨ, ਪਹਿਲੇ ਤਾਂ ਕੁਝ ਇਸ ਰੋਸ ਦੀ ਆਵਾਜ਼ ਤੋਂ ਭੁੱਚਲਾ ਗਏ ਪਰ ਹੁਣ ਉਹਨਾਂ ਨੇ ਆਪਣੇ ਪੈਸੇ ਦੇ ਜ਼ੋਰ ਤੇ ਇਹ ਪਰਚਾਰ ਮੁਹਿੰਮ ਸ਼ੁਰੂ ਕਰ ਦਿਤੀ ਹੈ ਕਿ ਇਸ ਹਾਦਸੇ ਦੀ ਜ਼ਿਮੇਂਵਾਰ ਇਹ ਕੰਪਨੀ ਨਹੀਂ ਸਗੋਂ ਇਹ ਹਾਦਸਾ ਤੋੜ ਫੋੜ ਕਰਨ ਵਾਲੀ ਕਿਸੇ ਏਜੰਸੀ ਦੀ ਸਾਜ਼ਿਸ਼ ਨਾਲ ਹੋਇਆ ਹੈ। ਇਹ ਭੱਦਾ ਯਤਨ ਇਸ ਲਈ ਕੀਤਾ ਜਾ ਰਿਹਾ ਹੈ ਤਾਂ ਜੋ ਕੰਪਨੀ ਉਹ ਮੁਆਵਜ਼ਾ ਦੇਣ ਤੋਂ ਬਰੀ ਹੋ ਸਕੇ ਜਿਸ ਦਾ ਕਲੇਮ ਕਚੈਹਰੀ ਵਿਚ ਦਾਇਰ ਕੀਤਾ ਗਿਆ ਹੈ। ਭਾਰਤ ਦੀ ਸਰਕਾਰ ਉਤੋਂ ਤਾਂ ਇਹ ਪੁਜ਼ੀਸ਼ਨ ਲੈ ਰਹੀ ਹੈ ਜਿਸ ਤਰ੍ਹਾਂ ਉਹ ਲੋਕਾਂ ਦੇ ਹੱਕ ਵਿਚ ਨਿੱਬੜ ਰਹੀ ਹੈ, ਪਰ ਲੋਕਾਂ ਨੂੰ ਕੋਈ ਹੈਰਾਨੀ ਨਹੀਂ ਹੋਵੇਗੀ ਕਿ ਉਹ ਕੇਸ ਦੀ ਪੈਰਵੀ ਇਸ ਤਰੀਕੇ ਨਾਲ ਕਰਨ ਕਿ ਕੇਸ ਹਾਰ ਦੇਣ। ਆਖਰ ਕੰਪਨੀ ਕੋਲ ਇਹ ਸ਼ਕਤੀ ਹੈ ਕਿ ਭਾਰਤ ਸਰਕਾਰ ਦੇ ਉੱਚੇ ਤੋਂ ਉੱਚੇ ਅੱਧਿਕਾਰੀ ਨੂੰ ਖਰੀਦਕੇ ਆਪਣੇ ਬੋਝੇ ਵਿਚ ਪਾ ਲੈਣ।

ਭੂਪਾਲ ਗੈਸ ਕਾਂਡ ਕੋਈ ਇਕੱਲਾ ਦੁਕੱਲਾ ਹਾਦਸਾ ਨਹੀਂ ਬਹੁ ਕੌਮੀ ਕੰਪਨੀਆਂ ਨੇ ਤੀਜੀ ਦੁਨੀਯਾ ਵਿਚ ਆਪਣੇ ਸਰਮਾਏ ਦਾ ਜਾਲ ਸਿਰਫ ਇਸ ਲਈ ਵਿਛਾਇਆ ਹੈ ਕਿ ਇਥੇ ਸੱਸਤੀ ਲੇਬਰ ਵੀ ਮਿਲ ਜਾਂਦੀ ਹੈ ਅਤੇ ਨਾਲ ਹੀ ਇਹਨਾਂ ਨੂੰ ਇਹ ਵੀ ਯਕੀਨ ਹੈ ਕਿ ਇਥੇ ਉਹਨਾਂ ਨੂੰ ਸਨਅਤੀ ਹਾਦਸਿਆਂ ਤੋਂ ਬਚਾਓ ਦੇ ਮਹਿੰਗੇ ਇਤਜ਼ਾਮ ਨਹੀਂ ਕਰਨੇ ਪੈਂਦੇ। ਦੂਜੇ ਉੱਨਤ ਦੇਸ਼ਾਂ ਵਿਚ ਜਦੋਂ ਕਿਸੇ ਕਾਰਖਾਨੇ ਦਾ ਲਾਇਸੰਸ ਦਿਤਾ ਜਾਂਦਾ ਹੈ ਤਾਂ ਕਾਰਖਾਨੇ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਬਚਾਅ ਲਈ ਅਤੇ ਆਮ ਬਚਾ ਲਈ ਬੜੀਆਂ ਕਰੜੀਆਂ ਸਰਤਾਂ ਰਖੀਆ ਜਾਂਦੀਆਂ ਹਨ, ਜਿਨ੍ਹਾਂ ਉਤੇ ਬਹੁਤ ਵੱਧ ਖਰਚ ਹੁੰਦਾ ਹੈ। ਪਰ ਤੀਜੀ ਦੁਨੀਯਾ ਵਿਚ ਕਾਰਖਾਨਾ ਲਗਾਉਣ ਵੇਲੇ ਇਹ ਸ਼ਰਤਾਂ ਬਿਲਕੁਲ ਢਿੱਲੀਆਂ ਹੁੰਦੀਆਂ ਹਨ। ਭੂਪਾਲ ਦਾ ਹਾਦਸਾ ਸਾਡੇ ਲਈ ਸੱਬਕ ਹੈ ਕਿ ਕਿਸ ਤਰ੍ਹਾਂ ਗਰੀਬਾਂ ਦੀਆਂ ਜਾਨਾਂ ਨੂੰ ਨਾਲ ਇਹ ਬਹੁ ਕੰਪਨੀਆਂ ਖੇਡਦੀਆਂ ਹਨ ਅਤੇ ਭਾਰਤ ਵਰਗੀਆਂ ਸਰਕਾਰਾਂ ਇਹਨਾਂ ਦੀ ਲੁੱਟ ਖਸੁੱਟ ਵਿਚ ਭਾਈਵਾਲ ਬਣ ਜਾਂਦੀਆਂ ਹਨ ਜਦੋਂ ਇਹ ਵਰਕਰਾਂ ਦੇ ਬਚਾਅ ਲਈ ਕੋਈ ਕਰੜੀ ਸ਼ਰਤ ਨਹੀਂ ਰਖਦੀਆਂ, ਕੋਈ ਸ਼ਕ ਨਹੀਂ ਕਿ ਉੱਚ ਅਧਿਕਾਰੀ ਇਹਨਾਂ ਕੰਪਨੀਆਂ ਵਲੋਂ ਖਰੀਦੇ ਜਾਂਦੇ ਹਨ।

ਇਹਨਾਂ ਹਾਲਤਾਂ ਵਿਚ ਲੋਕਾਂ ਵਾਸਤੇ ਕੀ ਰਾਹ ਹੈ ? ਉਹ ਮਿਲਕੇ ਇਹਦਾ ਮੁਕਾਬਲਾ ਤਾਂ ਹੀ ਕਰ ਸਕਦੇ ਹਨ ਕਿ ਇਸ ਖਤਰੇ ਬਾਰੇ ਚੇਤਨ ਹੋਣ। ਇਸ ਚੇਤਨਾਂ ਵਧਾਉਣ ਦੀ ਮੁਹਿੰਮ ਵਿਚ ਜਿਥੇ ਅਸੀਂ ਭੂਪਾਲ ਗੈਸ ਕਾਂਡ ਬਾਰੇ ਮੀਟਿੰਗਾਂ ਅਤੇ ਰੈਲੀਆਂ ਕਰ

ਰਹੇ ਹਾਂ, ਉਥੇ ਅਸੀਂ ਮਜ਼ਦੂਰਾਂ ਦੇ ਮਹਾਨ ਪਹਿਲੀ ਮਈ ਲਈ ਇਕ ਨਾਅਰਾ ਦਿਤਾ ਹੈ ਕਿ ਯੂਨੀਅਨ ਕਾਰਬਾਈਡ ਵਲੋਂ ਬਣਾਈਆਂ ਚੀਜ਼ਾਂ ਦਾ ਬਾਈਕਾਟ ਕਰੀਏ, ਇਹ ਚੇਤਨਾ ਮੁਹਿੰਮ 'ਚ ਇਕ ਮਹੱਤਵਪੂਰਣ ਕਦਮ ਹੋਵੇਗਾ। ਆਪਣੀ ਇਸ ਮੁਹਿੰਮ ਵਿਚ ਅਸੀਂ ਤੁਹਾਨੂੰ ਸ਼ਾਮਿਲ ਹੋਣ ਦਾ ਸੱਦਾ ਦੇਂਦੇ ਹਾਂ। ਕੇਰਲਾ ਦੇ ਸਾਥੀਆਂ ਦੀ ਇਸ ਅਪੀਲ ਦਾ ਸਮਰਥਨ ਕਰਦੇ ਹੋਏ ਅਸੀਂ ਉਮੀਦ ਕਰਦੇ ਹਾਂ ਕਿ ਪੰਜਾਬ ਦੀਆਂ ਜਮਹੂਰੀ ਸ਼ਕਤੀਆਂ ਇਸ ਮੁਹਿਮ ਵਿਚ ਸ਼ਾਮਿਲ ਹੋਣਗੀਆਂ ਤੇ ਮਈ ਦਿਨ ਦੀਆਂ ਰੈਲੀਆਂ ਵਿਚ ਇਹ ਬਹੁ ਕੰਪਨੀਆਂ ਦੀ ਲੁੱਟ ਖਸੁੱਟ ਦੇ ਸਵਾਲ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ ਜਾਏਗਾ। ੦

ਸਾਡਾ ਇਹ ਵਿਚਾਰ ਹੈ ਕਿ ਹੁਕਮਰਾਨ ਕਾਂਗਰਸ (ਇ) ਪੰਜਾਬ ਅੰਦਰ ਫਿਰਕਾਪ੍ਰਸਤੀ ਦੀਆਂ ਮੌਜੂਦਾ ਦੋ ਵੰਨਗੀਆਂ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹੈ। ਕਿਉਂਕਿ ਇਹ ਹਮੇਸ਼ਾ ਹੀ ਚੋਣਾਂ ਜਿੱਤਣ ਖਾਤਰ ਇਕ ਫਿਰਕੇ ਨੂੰ ਦੂਜੇ ਵਿਰੁੱਧ ਵਰਤਦੀ ਰਹੀ ਹੈ ਅਤੇ ਏਸ ਤਰ੍ਹਾਂ ਇਸ ਨੇ ਪੰਜਾਬ ਅੰਦਰ ਅਜਿਹੀ ਹਾਲਤ ਪੈਦਾ ਕਰ ਦਿੱਤੀ ਜਿਸ ਵਿਚ ਲੋਕਾਂ ਨੇ ਆਪਣੇ ਆਪ ਨੂੰ ਇਕ ਜਾਂ ਦੂਜੀ ਫਿਰਕਾ ਪ੍ਰਸਤੀ ਨਾਲ ਜੋੜ ਲਿਆ ਹੈ।

ਪੰਜਾਬ ਵਿਚ ਫੌਜਾਂ ਤਾਇਨਾਤ ਕਰਨ ਨਾਲ ਕਿਸਾਨੀ ਦਾ ਵਡੇਰਾ ਹਿੱਸਾ, ਬੇਗਾਨਾ ਮਹਿਸੂਸ ਕਰ ਰਿਹਾ ਹੈ ਅਤੇ ਫਿਰਕੂ ਤਾਕਤਾਂ ਕਾਂਗਰਸ (ਇ) ਸਮੇਤ ਫਿਰਕਾ-ਪ੍ਰਸਤ ਪਾਰਟੀਆਂ ਦੇ ਝੰਡੇ ਹੇਠ ਮਜ਼ਬੂਤ ਹੋਈਆਂ ਹਨ। ਆਮ ਜਨਤਾ ਉੱਤੇ ਕਾਂਗਰਸ (ਇ) ਰਾਹੀਂ ਠੋਸੀ ਤਾਨਾ-ਸ਼ਾਹੀ ਨੂੰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਦੋਵੇਂ ਹੀ ਮਦਦ ਦੇ ਰਹੇ ਹਨ। ਅਸੀਂ ਅਕਾਲੀ ਦਲ ਦੇ ਪੈਂਤੜੇ ਦੀ ਨਿੰਦਿਆ ਕਰਨ ਤੋਂ ਗੁਰੇਜ਼ ਨਹੀਂ ਕਰ ਸਕਦੇ ਕਿਉਂਕਿ ਇਸਨੇ ਪੰਜਾਬੀ ਲੋਕਾਂ ਦੀਆਂ ਸਮਾਜਕ ਆਰਥਕ ਅਤੇ ਸਭਿਆਚਾਰਕ ਮੰਗਾਂ ਨੂੰ ਫਿਰਕੂ ਰੰਗ ਦਿਤਾ ਹੈ।

ਅਸੀਂ ਲੁਟ, ਫਿਰਕਾਪ੍ਰਸਤੀ, ਤਾਨਾਸ਼ਾਹੀ ਅਤੇ ਫੌਜੀ ਜ਼ੁਲਮਾਂ ਤੋਂ ਸੁਰਖਰੂ ਪੰਜਾਬ ਚਾਹੁੰਦੇ ਹਾਂ ਜਿਥੇ ਕਿ ਲੋਕਾਂ ਨੂੰ ਆਪਣੀ ਮਰਜ਼ੀ ਮੁਤਾਬਕ ਪੰਜਾਬ ਦੀ ਕਿਸਮਤ ਦਾ ਫੈਸਲਾ ਕਰਨ ਦੀ ਖੁਲ੍ਹ ਹੋਵੇਗੀ।

ਅਸੀਂ ਸੂਬਾ ਅਤੇ ਕੇਂਦਰੀ ਸਰਕਾਰਾਂ ਤੋਂ ਮੰਗ ਕਰਦੇ ਹਾਂ ਕਿ ਉਹ ਲੋਕਾਂ ਦੇ ਹਰ ਤਬਕੇ ਦੇ ਧਾਰਮਿਕ ਜਜ਼ਬਿਆਂ ਦੀ ਕਦਰ ਕਰੇ।

ਏਸ ਲਈ ਅਸੀਂ ਜਮਹੂਰੀ ਅਤੇ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਤਾਨਾਸ਼ਾਹ ਅਤੇ ਫਿਰਕੂ ਤਾਕਤਾਂ ਨੂੰ ਪਛਾੜਨ ਅਤੇ ਆਮ ਪੰਜਾਬੀ ਲੋਕਾਂ ਦੇ ਹਿੱਤਾਂ ਖਾਤਰ ਵਡੇਰਾ ਪਰੋਗਰਾਮ ਆਰੰਭਣ।

ਅਸੀਂ ਕੇਂਦਰੀ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਵਿਚੋਂ ਫੌਜ ਤੁਰਤ ਹਟਾ ਕੇ ਸੁਪਰੀਮ ਕੋਰਟ ਦੇ ਜੱਜ ਹੇਠਾਂ ਇਕ ਕਮਿਸ਼ਨ ਬਿਠਾਵੇ ਜਿਹੜਾ ਕਿ ਪੰਜਾਬੀ ਲੋਕਾਂ ਉਤੇ ਢਾਹੇ ਫੌਜੀ ਜ਼ੁਲਮਾਂ ਦੀ ਛਾਣਬੀਣ ਕਰੇ। ਇਸ ਕਮਿਸ਼ਨ ਨੂੰ ਅਣਗਿਣਤ ਝੂਠੇ ਮੁਕਾਬਲਿਆਂ ਅਤੇ ਝੂਠੇ ਮੁਕੱਦਮਿਆ ਬਾਰੇ ਜਾਂਚ ਕਰਨ ਦਾ ਅਧਿਕਾਰ ਹੋਵੇ, ਕਿਉਂਕਿ ਇਨ੍ਹਾਂ ਦਾ ਮਕਸਦ ਬਹਾਦਰ ਪੰਜਾਬੀ ਨੌਜੁਆਨਾਂ ਨੂੰ ਕੁਚਲਣਾ ਅਤੇ ਮਾਰ ਮੁਕਾਉਣਾ ਹੈ।

—ਇੰਡੀਅਨ ਪੀਪਲਜ਼ ਫਰੰਟ ਦੇ ਇਕ ਦਸਤਾਵੇਜ਼ ਵਿਚੋਂ

## ਸਾਹਿਤਕ ਸਮਾਗਮ—ਇਕ ਰਿਪੋਰਟ

ਸਾਹਿਤ ਸਭਾ ਮੁਹਾਲੀ (ਰਜਿ.) ਵੱਲੋਂ ਮਿਤੀ 7-7-85 ਨੂੰ ਸ਼ਿਵਾਲਿਕ ਪਬਲਿਕ ਸਕੂਲ, ਮੁਹਾਲੀ ਵਿਖੇ ਪੰਜਾਬ ਲੋਕ ਸੱਭਿਆਚਾਰ ਮੰਚ (ਪਲਸ) ਅੰਮ੍ਰਿਤਸਰ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਆਯੋਜਿਤ ਕੀਤਾ ਗਿਆ। ਇਸਦੀ ਪ੍ਰਧਾਨਗੀ ਡਾ. ਅਤਰ ਸਿੰਘ ਨੇ ਕੀਤੀ। ਪ੍ਰੋਗਰਾਮ ਦਾ ਅਰੰਭ ਸੁਖਦੇਵ ਸਿੰਘ ਅਤੇ ਪਰਮਜੀਤ ਸਿੰਘ ਦੁਆਰਾ ਸੁਰਿੰਦਰ ਗਿੱਲ ਦੇ ਗਾਏ ਗੀਤ 'ਛੱਟਾ ਚਾਨਣਾ ਦਾ ਦੇਈ ਜਾਣਾ' ਨਾਲ ਹੋਇਆ। ਡਾ. ਨਾਹਰ ਸਿੰਘ ਨੇ ਮਰਹੂਮ ਪ੍ਰੋ. ਦੀਦਾਰ ਸਿੰਘ ਦੀ ਸ਼ਹੀਦ ਭਗਤ ਸਿੰਘ ਕਾਵਿ-ਪ੍ਰਮਾਣ ਪੁਸਤਕ ਉਤੇ ਆਪਣੇ ਵਿਚਾਰ ਪ੍ਰਗਟ ਕੀਤੇ। ਬਹਿਸ ਸਮੇਂ ਡਾ. ਕੇਸਰ ਸਿੰਘ ਕੇਸਰ ਨੇ ਪ੍ਰੋ. ਦੀਦਾਰ ਸਿੰਘ ਬਾਰੇ ਕਾਫੀ ਜਾਣਕਾਰੀ ਦਿੱਤੀ।

ਡਾ. ਕਰਮਜੀਤ ਸਿੰਘ ਵੱਲੋਂ ਸੰਪਾਦਿਤ ਪੁਸਤਕ ਬੇਸੁਰਾ ਮੌਸਮ ਉਤੇ ਡਾ. ਕੇਸਰ ਸਿੰਘ ਕੇਸਰ ਨੇ ਪਰਚਾ ਪੜ੍ਹਿਆ। ਇਸ ਪਰਚੇ ਤੇ ਬਹਿਸ ਸ਼ੁਰੂ ਕਰਦਿਆਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਨੇ ਆਖਿਆ ਕਿ ਜਿਸ ਖੜੋਤ ਦੀ ਪਰਚੇ ਵਿਚ ਗੱਲ ਕੀਤੀ ਗਈ ਹੈ ਇਸਦੇ ਰਾਜਨੀਤਕ ਕਾਰਨ ਹਨ। ਪੁਸਤਕ ਦੇ ਸੰਪਾਦਕ ਨੇ ਇਸ ਗੱਲ ਤੇ ਖੁਸ਼ੀ ਪਰਗਟ ਕੀਤੀ ਕਿ ਕਿਸੇ ਸੰਪਾਦਿਤ ਪੁਸਤਕ ਤੇ ਪਹਿਲੀ ਵਾਰ ਏਨੀ ਚਰਚਾ ਹੋਈ ਹੈ। ਪ੍ਰੋ. ਹਮਦਰਦਵੀਰ ਨੌਸ਼ਹਿਰਵੀ ਅਨੁਸਾਰ ਇਸ ਪੁਸਤਕ ਨੂੰ ਪ੍ਰਗਤੀਵਾਦੀ ਕਵੀਆਂ ਦੀ ਪ੍ਰਤੀਨਿਧ ਪੁਸਤਕ ਨਹੀਂ ਆਖਿਆ ਜਾ ਸਕਦਾ ਕਿਉਂਕਿ ਇਸ ਵਿਚ ਬਹੁਤ ਸਾਰੇ ਪ੍ਰਗਤੀਵਾਦੀ ਕਵੀਆਂ ਦੀਆਂ ਰਚਨਾਵਾਂ ਸ਼ਾਮਲ ਨਹੀਂ ਕੀਤੀਆਂ ਗਈਆਂ। ਸ੍ਰੀ ਸਰਬਜਿੰਦਰ ਕੇਦਾਰ ਦਾ ਕਹਿਣਾ ਸੀ ਕਿ ਵਧੀਆ ਆਲੋਚਨਾਤਮਕ ਪਰਚਾ ਪਾਠਕਾਂ ਨੂੰ ਰਚਨਾਵਾਂ ਸਮਝਣ ਵਿਚ ਸਹਾਇਤਾ ਕਰਦਾ ਹੈ। ਡਾ. ਕੇਸਰ ਸਿੰਘ ਕੇਸਰ ਨੇ ਡਾ. ਕਰਨੈਲ ਸਿੰਘ ਸੋਮਲ ਦੇ ਪ੍ਰਸ਼ਨ ਦਾ ਉਤਰ ਦਿੰਦਿਆਂ ਆਖਿਆ ਕਿ ਪ੍ਰਗਤੀਵਾਦੀ ਫਲਸਫੇ ਨੂੰ ਪੇਸ਼

ਕਰਨ ਲਈ ਲੰਮੀ ਕਵਿਤਾ ਦੀ ਲੋੜ ਪੈਂਦੀ ਹੈ। ਇਹੋ ਹੀ ਕਾਰਨ ਹੈ ਕਿ ਪ੍ਰਗਤੀਵਾਦੀ ਕਵਿਤਾਵਾਂ ਲੰਬੀਆਂ ਹੁੰਦੀਆਂ ਹਨ। ਬਹਿਸ ਵਿਚ ਪ੍ਰੋ. ਨਿਰਮਲ ਦੱਤ ਅਤੇ ਉਜਾਗਰ ਲਲੋਤੋਂ ਨੇ ਵੀ ਭਾਗ ਲਿਆ।

ਕਵਿਤਾਵਾਂ ਦੇ ਦੌਰ ਵਿਚ ਜੋਗਾ ਸਿੰਘ, ਅਨੰਤ ਸਿੰਘ ਕਾਬਲੀ, ਰਜਿੰਦਰ ਸੋਢੀ, ਜਗਰੂਪ ਸਿੰਘ ਰੂਪ, ਮੰਗਲ ਢਿੱਲੋਂ, ਜੈ ਗੋਪਾਲ ਅਸ਼ਕ, ਧਰਮਪਾਲ ਉਪਾਸ਼ਕ, ਹਮਦਰਦਵੀਰ ਨੌਸ਼ਹਿਰਵੀ, ਗੁਰਬਖਸ਼ ਜੱਸ ਅਤੇ ਮਨਮੋਹਨ ਸਿੰਘ ਦਾਊਂ ਨੇ ਆਪਣੀਆਂ ਸੱਜਰੀਆਂ ਨਜ਼ਮਾਂ ਪੜ੍ਹੀਆਂ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਡਾ. ਅਤਰ ਸਿਘ ਨੇ ਪੁਸਤਕਾਂ ਤੇ ਵਿਚਾਰ ਪਰਗਟ ਕਰਦਿਆਂ ਆਖਿਆ ਕਿ ਅਸੀਂ 50 ਵਰ੍ਹੇ ਕੇਵਲ ਇਸ ਗੱਲ ਤੇ ਹੀ ਗੁਆ ਦਿੱਤੇ ਕਿ ਭਗਤ ਸਿੰਘ ਹਿੰਦੂ ਸੀ ਜਾਂ ਸਿੱਖ। ਅਜੇ ਤੱਕ ਸ ਨੂੰ ਭਗਤ ਸਿੰਘ ਦੇ ਸੱਚ ਨੂੰ ਪਛਾਨਣ ਦੀ ਕੋਈ ਵਧੀਆ ਕ੍ਰਿਤ ਨਹੀਂ ਮਿਲਦੀ, ਉਸਨੂੰ ਅਪਨਾਉਣ ਦੀਆਂ ਕਿਰਤਾਂ ਹੀ ਮਿਲਦੀਆਂ ਹਨ। ਉਹਨਾਂ ਆਖਿਆ ਕਿ ਇਸ ਸ਼੍ਰੋਮਣੀ ਸ਼ਹੀਦ ਨੂੰ ਪਹਿਲਾਂ ਅੰਗਰੇਜ਼ਾਂ ਨੇ ਕਤਲ ਕੀਤਾ ਤੇ ਹੁਣ ਅਸੀਂ ਉਸਨੂੰ ਬਾਰ ਬਾਰ ਹਿੰਦੂ ਜਾਂ ਸਿੱਖ ਕਹਿ ਕੇ ਕਤਲ ਕਰ ਰਹੇ ਹਾਂ। ਭਗਤ ਸਿੰਘ ਦੇ ਸੱਚ ਨੂੰ ਪੇਸ਼ ਕਰਨ ਲਈ ਮਰਹੂਮ ਪ੍ਰੋ. ਦੀਦਾਰ ਸਿੰਘ ਦੀ ਪੁਸਤਕ ਸ਼ਹੀਦ ਭਗਤ ਸਿੰਘ (ਕਾਵਿ-ਪ੍ਰਮਾਣ) ਇਕ ਪਹਿਲਾ ਚੰਗੇਰਾ ਜਤਨ ਹੈ। ਅਸੀਂ ਇਸ ਵਿਚਲੇ ਸੱਚ ਤੋਂ ਪ੍ਰੇਰਨਾ ਲੈ ਕੇ ਅੱਗੇ ਤੁਰਨਾ ਹੈ।

ਪੁਸਤਕ ਬੇਸੁਰਾ ਮੌਸਮ ਦੀ ਬਹਿਸ ਉੱਤੇ ਟਿੱਪਣੀ ਕਰਦਿਆਂ ਉਹਨਾਂ ਆਖਿਆ ਕਿ ਇਸ ਪੁਸਤਕ ਉੱਤੇ ਸਭ ਤੋਂ ਉਸਾਰੂ ਆਲੋਚਨਾ ਇਹੋ ਹੀ ਹੈ ਕਿ ਆਲੋਚਕਾ ਨੇ ਇਹ ਤੱਥ ਸਾਹਮਣੇ ਲਿਆਂਦਾ ਹੈ ਕਿ ਬਹੁਤ ਸਾਰੇ ਪ੍ਰਗਤੀਵਾਦੀ ਕਵੀ ਇਸ ਵਿੱਚ ਸ਼ਾਮਲ ਨਹੀਂ ਕੀਤੇ ਗਏ। ਉਹਨਾਂ ਆਖਿਆ ਕਿ ਪ੍ਰਗਤੀਵਾਦੀ ਲਹਿਰ ਦੇ ਸ਼ੁਰੂ ਸ਼ੁਰੂ ਵਿਚ ਕਵੀ ਵਧੇਰੇ ਪ੍ਰਤਿਬੱਧ ਸਨ ਪਰ ਬਾਅਦ ਵਿਚ ਪ੍ਰਗਤੀਵਾਦੀ ਕਵਿਤਾ ਵਿਚ ਆਤਮ-ਚੇਤਨਤਾ ਦਾ ਤੱਤ ਵਧੇਰੇ ਆਇਆ ਹੈ। ਇਸ ਨਾਲ ਪ੍ਰਗਤੀਵਾਦੀ ਕਵਿਤਾ ਦਾ ਦੂਜਾ ਦੌਰ ਸ਼ੁਰੂ ਹੁੰਦਾ ਹੈ। ਉਹਨਾਂ ਆਪਣੇ ਭਾਸ਼ਣ ਵਿਚ ਆਤਮ-ਚਿੰਤਨ ਤੇ ਵਧੇਰੇ ਜ਼ੋਰ ਦਿੱਤਾ ਹੈ।

ਟੀ. ਵੀ. ਜਿਹੇ ਪ੍ਰਚਾਰ ਮਾਧਿਅਮਾਂ ਉੱਤੇ ਪ੍ਰਸਾਰਿਤ ਕੁਝ ਪ੍ਰੋਗਰਾਮਾਂ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਸੱਭਿਆਚਾਰ ਲਈ ਖੜ੍ਹੇ ਹੋ ਰਹੇ ਸੰਕਟਾਂ ਵੱਲ ਸੰਕੇਤ ਕੀਤਾ। ਇਹਨਾਂ ਨੂੰ ਉਹਨਾ ਨੇ ਪ੍ਰਤਿ-ਸੱਭਿਆਚਾਰ ਦਾ ਨਾਂ ਦਿੱਤਾ। ਉਹਨਾਂ ਅਨੁਸਾਰ ਇੰਝ ਕਰਨ ਨਾਲ ਸਾਡੀ ਸੋਚ ਨੂੰ ਜੰਦਰੇ ਵੱਜ ਰਹੇ ਹਨ। ਇਸ ਬਾਰੇ ਸਾਨੂੰ ਆਤਮ-ਚੇਤੰਨ ਹੋਣ ਦੀ ਲੋੜ ਹੈ। ਇਸ ਪ੍ਰਸੰਗ ਵਿਚ ਉਹਨਾਂ ਪ੍ਰਸਿੱਧ ਨਾਟਕਕਾਰ ਗੁਰਸ਼ਰਨ ਸਿੰਘ ਦੇ ਜਤਨਾਂ ਦੀ ਸ਼ਲਾਘਾ ਕੀਤੀ।

ਜੋ ਪੰਜਾਬ ਅੰਦਰ ਵਾਪਰ ਰਿਹਾ ਹੈ ਇਹ ਹਾਕਮ ਜਮਾਤਾਂ ਰਾਹੀਂ ਪੂਰੇ ਮੁਲਕ ਅੰਦਰ ਆਮ ਜਨਤਾ ਤੇ ਠੋਸੇ ਗਏ ਦਮਨ ਅਤੇ ਜ਼ੁਲਮ ਦੇ ਨਮੂਨੇ ਦਾ ਹੀ ਹਿੱਸਾ ਹੈ। ਬਿਹਾਰ, ਆਂਧਰਾ, ਤਾਮਿਲਨਾਡ, ਅਸਾਮ, ਤਰਿਪੁਰਾ ਅਤੇ ਪੂਰੇ ਉੱਤਰ ਪੂਰਬੀ ਭਾਰਤ ਦੇ ਦੱਬੇ ਕੁਚਲੇ ਲੋਕਾਂ ਨੇ ਹਾਕਮ ਜਮਾਤਾਂ ਦੀ ਸਾਜ਼ਸ਼ ਨੂੰ ਖਤਮ ਕਰਨ ਖਾਤਰ ਆਮ ਪੰਜਾਬੀ ਲੋਕਾਂ ਦੇ ਘੋਲ ਦਾ ਵਾਰ-ਵਾਰ ਸਮਰਥਣ ਕੀਤਾ ਹੈ। ਭਾਸ਼ਾ, ਧਰਮ, ਜਾਤ-ਪਾਤ ਅਤੇ ਇਲਾਕਾ-ਪ੍ਰਸਤੀ ਨੂੰ ਸਾਡੀ ਸੋਚ ਨੂੰ ਧੁੰਦਲਾ ਨਹੀਂ ਕਰਨ ਦੇਣਾ ਚਾਹੀਦਾ ਅਤੇ ਇਨ੍ਹਾਂ ਲੀਹਾਂ ਤੇ ਲੋਕਾਂ ਨੂੰ ਲਾਮਬੰਦ ਕਰਨ ਵਾਲੀਆਂ ਤਾਕਤਾਂ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ।

ਅੱਜ ਕੇਂਦਰੀ ਸਰਕਾਰ ਨੇ ਅਜਿਹੀ ਹਾਲਤ ਪੈਦਾ ਕਰ ਦਿੱਤੀ ਹੈ ਕਿ ਪੰਜਾਬੀ ਲੋਕਾਂ ਦਾ ਇਕ ਹਿੱਸਾ ਆਪਣੀ ਸੁਰੱਖਿਆ ਖਾਤਰ ਫੌਜ ਨੂੰ ਤਾਇਨਾਤ ਰੱਖੀ ਰੱਖਣ ਅਤੇ ਕਾਲੇ ਕਾਨੂੰਨ ਕਾਇਮ ਰੱਖਣ ਦੀ ਮੰਗ ਕਰ ਰਿਹਾ ਹੈ। ਸਾਡਾ ਪੱਕਾ ਨਿਸਚਾ ਹੈ ਕਿ ਫੌਜ ਦੀ ਮੌਜੂਦਗੀ ਲੋਕਾਂ ਦੀ ਸਮੱਸਿਆ ਦਾ ਕੋਈ ਹੱਲ ਨਹੀਂ, ਉਲਟਾ ਇਸ ਦਾ ਮਾਰੂ ਅਸਰ ਅਸੀਂ ਪੰਜਾਬ ਵਿਚ ਪਹਿਲਾਂ ਹੀ ਵੇਖ ਚੁਕੇ ਹਾਂ। ਪੰਜਾਬੀ ਲੋਕਾਂ ਨੂੰ ਧਾਰਮਕ ਅਤੇ ਫਿਰਕੂ ਲੀਹਾਂ ਤੋਂ ਉਤਾਂਹ ਲਿਜਾ ਕੇ ਜਮਹੂਰੀ ਅਤੇ ਕਮਿਊਨਿਸਟ ਇਨਕਲਾਬੀ ਤਾਕਤਾਂ ਦੀ ਅਗਵਾਈ ਹੇਠਾਂ ਮਹੱਲਾ ਜਾਂ ਪਿੰਡ ਟਾਕਰਾ ਕਮੇਟੀਆਂ ਬਣਾ ਕੇ ਲੋਕਾਂ ਨੂੰ ਲਾਮਬੰਦ ਕਰਨ ਤਾਂ ਜੋ ਅਨਿਸਚਿਤ ਸਮੇਂ ਤੱਕ ਫੌਜਾਂ ਤਾਇਨਾਤ ਰੱਖਣ ਅਤੇ ਸਦਾ ਲਈ ਕਾਲੇ ਕਾਨੂੰਨ ਕਾਇਮ ਰੱਖਣ ਦੀ ਕੁੱਢਰ ਫਿਰਕੂ ਮੰਗ ਨੂੰ ਪਛਾੜਿਆ ਜਾ ਸਕੇ। ਸਾਡਾ ਹੋਰ ਵੀ ਨਿਸਚਾ ਹੈ ਕਿ ਇਕ ਵੇਰਾਂ ਲੋਕੀਂ ਜਮਹੂਰੀ ਅਤੇ ਇਨਕਲਾਬੀ ਮੰਗਾਂ ਲਈ ਜਥੇਬੰਦ ਹੋ ਜਾਣ ਤਾਂ ਪਿਛਾਖੜੀ ਤਾਕਤਾਂ ਨੂੰ ਨਿਖੇੜਨਾ ਔਖਾ ਨਹੀਂ।

ਬਾਅਦ ਦੁਪਹਿਰ ਨਾਟਕਕਾਰ ਗੁਰਸ਼ਰਨ ਸਿੰਘ ਨੇ ਸ਼ਿਵਾਲਿਕ ਪੱਬਲਿਕ ਸਕੂਲ ਦੇ ਡਾਈਨਿੰਗ ਹਾਲ ਵਿਚ ਰਵਿੰਦਰ ਰਵੀ ਦੀ ਕਵਿਤਾ ਨੂੰ ਬੜੀ ਖ਼ੂਬਸੂਰਤੀ ਨਾਲ ਨਾਟਕੀ ਰੂਪ ਵਿਚ ਪੇਸ਼ ਕੀਤਾ। ਉਪਰੰਤ ਉਹਨਾਂ ਆਪਣਾ ਪ੍ਰਸਿੱਧ ਨਾਟਕ 'ਬਾਬਾ ਬੋਲਦਾ ਹੈ" ਸਟੇਜ ਤੇ ਖੇਡਿਆ ਜਿਸ ਵਿਚ ਬਾਬੇ ਦੀ ਭੂਮਿਕਾ ਖੁਦ ਗੁਰਸ਼ਰਨ ਸਿੰਘ ਹੋਰਾਂ ਨੇ ਨਿਭਾਹੀ। ਇਸ ਨਾਟਕ ਵਿਚ ਪਰਮਜੀਤ ਸਿੰਘ, ਸੁਖਦੇਵ ਸਿੰਘ ਨੇ ਵੀ ਵਧੀਆ ਰੋਲ ਅਦਾ ਕੀਤੇ।

ਸਮਾਗਮ ਦੇ ਅੰਤ ਵਿਚ ਜੋਗਾ ਸਿੰਘ ਪ੍ਰਧਾਨ ਸਾਹਿਤ ਸਭਾ ਮੁਹਾਲੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਕੁਲਦੀਪ ਸਿੰਘ
ਜਨਰਲ ਸਕੱਤਰ, ਸਾਹਿਤ ਸਭਾ ਮੁਹਾਲੀ

# ਇਕ ਚਿੱਠੀ ਅਤੇ ਸੰਪਾਦਕ ਵਲੋਂ ਜਵਾਬ

ਹੇਠ ਅਸੀਂ ਇਕ ਚਿੱਠੀ ਦੇ ਰਹੇ ਹਾਂ, ਜੋ ਸੰਪਾਦਕ ਤੇ ਨਾਂ ਸਾਨੂੰ ਮਿਲੀ ਹੈ। ਇਹ ਚਿੱਠੀ ਕਿਉਂਕਿ ਉਸ ਸੋਚ ਨੂੰ ਦਸਦੀ ਹੈ ਜੋ ਸੰਤ ਭਿੰਡਰਵਾਲਾ ਜੀ ਦੇ ਅਸਰ ਥੱਲੇ ਵਡੀ ਗਿਣਤੀ ਵਿਚ ਆਏ ਨੌਜਵਾਨਾਂ ਦੀ ਹੈ, ਇਸ ਲਈ ਇਸ ਚਿੱਠੀ ਨੂੰ ਇਥੇ ਦੇ ਕੇ ਅਪਣੇ ਵਲੋਂ ਜਵਾਬ ਵੀ ਦੇ ਰਹੇ ਹਾਂ। ਬਹੁਤੇ ਸਵਾਲ ਕਰਮ ਬਰਸਟ ਦੇ ਲੇਖ ਬਾਰੇ ਹਨ, ਉਹ ਜੇ ਚਾਹੁਣ ਤਾਂ ਇਹਨਾਂ ਦਾ ਜਵਾਬ ਅਪਣੇ ਵਲੋਂ ਵੀ ਦੇ ਸਕਣਗੇ। ਸੰਪਾਦਕ

ਮਾਨਯੋਗ ਸੰਪਾਦਕ ਗੁਰਸ਼ਰਨ ਸਿੰਘ ਜੀ,

ਆਪਦਾ ਮੈਗਜ਼ੀਨ ਪੜ੍ਹਿਆ ਜੋ ਅਪ੍ਰੈਲ '85 ਵਿਚ ਛਪਿਆ ਸੀ। ਆਪ ਦਾ ਸੰਪਾਦਕੀ ਨੋਟ ਪੜ੍ਹਿਆ (ਤੀਜੀ ਧਿਰ ਦੀ ਜ਼ਿੰਮੇਵਾਰੀ)। ਜਿਸ ਵਿਚ ਦੋ ਧਿਰਾਂ ਨੂੰ ਗਲਤ ਦੱਸ ਕੇ ਤੇ ਤੀਜੀ ਧਿਰ ਨੂੰ ਠੀਕ ਦਸ ਕੇ ਅਸਮਾਨੀ ਚੜ੍ਹਾ ਦਿੱਤਾ ਹੈ। ਇਹ ਤੀਜੀ ਧਿਰ ਇਨਕਲਾਬੀਆਂ, ਕਮਿਊਨਿਸਟਾਂ ਦੀ ਹੈ। ਤੀਜੀ ਧਿਰ ਨੂੰ ਤੁਸੀਂ ਬੜੇ ਠੀਕ ਢੰਗ ਨਾਲ ਲਿਖਿਆ ਹੈ ਕਿ ਇਸ ਧਿਰ ਨੇ ਕੋਈ ਗ਼ਲਤ ਕੰਮ ਨਹੀਂ ਕੀਤਾ ਅਤੇ ਨਾ ਹੀ ਕਰਨਾ ਹੈ। ਅਕਾਲੀ ਲੀਡਰਸ਼ਿਪ ਨੂੰ ਤੁਸੀਂ ਕੁਝ ਵੀ ਨਹੀਂ ਸਮਝਿਆ। ਪਰ ਇਹ ਉਲਟ ਹੈ ਅੱਜ ਦੀਆਂ ਕਮਿਊਨਿਸਟ ਪਾਰਟੀਆਂ ਸਿਰਫ ਫੰਡ ਖਾਊ ਹੀ ਕਹਿ ਗਈਆਂ ਹਨ। ਕਮਿਊਨਿਸਟਾਂ ਦਾ ਮਤਲਬ ਤਾਂ ਸਿਰਫ ਇਨਕਲਾਬ ਲਿਆਉਣਾ ਹੈ। ਪਰ ਆਪ ਤੋਂ ਕੋਈ ਇਨਕਲਾਬ ਨਹੀਂ ਆਇਆ। ਅਕਾਲੀਆਂ ਨੇ ਮੋਰਚਾ ਲਾਇਆ ਉਸਨੂੰ ਤੁਸੀਂ ਕੁਰਸੀ ਪਿਛੇ ਲਾਇਆ ਕਹਿ ਦਿਤਾ। ਪਰ ਜਦੋਂ ਤੁਸੀਂ ਮੋਰਚੇ ਜਾਂ ਸੰਘਰਸ਼ ਕਰਦੇ ਹੋ ਤਾਂ ਕੀ ਤੁਸੀਂ ਕੁਰਸੀ ਵਾਸਤੇ ਨਹੀਂ ਕਰਦੇ? ਤੁਸੀਂ ਇੰਨੇ ਸੰਘਰਸ਼ ਕਰ ਚੁੱਕੇ ਹੋ ਪਰ ਕੋਈ ਵੀ ਸਫਲ ਨਹੀਂ ਹੋਇਆ। ਪਰ ਅਕਾਲੀਆਂ ਨੇ ਹੁਣ ਤੱਕ ਕਈ ਮੋਰਚੇ ਲਾਏ ਜੋ ਸਫਲ ਹੋਏ ਜਿਹੜਾ ਮੋਰਚਾ ਹੁਣ ਚਲ ਰਿਹਾ ਹੈ ਇਹ ਵੀ ਸਫਲ ਹੋ ਕੇ ਹੀ ਰਹੇਗਾ।

ਮੈਂ ਆਪਨੂੰ ਇਕ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਤੁਸੀਂ ਕਹਿੰਦੇ ਹੋ ਕਿ ਅਸੀਂ ਇਨਕਲਾਬ ਲੈ ਕੇ ਆਉਣਾ ਹੈ ਪਰ ਕਿਤੇ ਇਹ ਸੋਚਿਐ ਕਿ ਇਨਕਲਾਬ ਆਉਂਦਾ ਕਾਹਦੇ ਨਾਲ ਹੈ? ਹੁਣ ਤੱਕ ਕਿਤੇ ਵੀ ਇਨਕਲਾਬ ਆਇਐ ਹਥਿਆਰਾਂ ਨਾਲ ਅ ਇਆ ਪਰ ਤੁਹਾਡੇ ਕੋਲ ਤਾਂ ਕੁਤੇ ਦੇ ਮਾਰਨ ਨੂੰ ਵੀ ਸੋਟੀ ਨਹੀਂ। ਕੀ ਤੁਸੀਂ ਇਨਕਲਾਬ ਲਿਆ ਸਕਦੇ ਹੋ? ਨਹੀਂ। ਪਰ ਤੁਸੀਂ ਭਿੰਡਰਾਂਵਾਲੇ ਦਾ ਵਿਰੋਧ ਕਰਦੇ ਹੋ ਜੋ ਹਰ ਵੇਲੇ ਹਥਿਆਰ ਰੱਖਦਾ ਸੀ।

ਮੈਂ ਤੁਹਾਡੇ ਕੋਲੋਂ ਕੁਝ ਪ੍ਰਸ਼ਨ ਪੁੱਛਣੇ ਚਾਹੁੰਦਾ ਹਾਂ ਜੋ ਹੇਠਾਂ ਲਿਖਦਾ ਹਾਂ। ਇਨ੍ਹਾਂ ਦਾ ਜੁਆਬ ਆਪਣੇ ਅਗਲੇ ਮਹੀਨੇ ਮੈਗਜ਼ੀਨ ਵਿਚ ਕਹਿਣਾ :—

ਪ੍ਰਸ਼ਨ : ਤੁਸੀਂ ਕਹਿੰਦੇ ਹੋ ਕਿ ਭਿੰਡਰਾਂ ਵਾਲਾ ਰੂੜ੍ਹੀਵਾਦੀ ਸੀ? ਕਿਉਂ?

ਵਿਆਖਿਆ : ਜੇਕਰ ਭਿੰਡਰਾਂ ਵਾਲਾ ਰੂੜ੍ਹੀਵਾਦੀ ਸੀ ਤਾਂ ਉਸ ਮਗਰ ਇੰਨੇ ਸਿੱਖ ਨੌਜਵਾਨ ਕਿਉਂ ਲੱਗੇ? ਕੀ ਤੁਸੀਂ ਕਿਤੇ ਭਿੰਡਰਾਂ ਵਾਲੇ ਨਾਲ ਕਿਤੇ ਇੰਟਰਵਿਊ ਕੀਤੀ। ਜਿੰਨਾ ਡੂੰਘਾ ਭਿੰਡਰਾਂਵਾਲਾ ਸੋਚ ਸਕਦਾ ਸੀ ਉਨਾਂ ਡੂੰਘਾ ਤੁਹਾਡੀ ਕਿਸੀ ਵੀ ਕਮਿਊਨਿਸਟ ਪਾਰਟੀ ਦੇ ਕਿਸੇ ਵੀ ਆਗੂ ਨੇ ਕਦੇ ਵੀ ਨਹੀਂ ਸੋਚਿਆ ਹੋਣਾਂ। ਭਿੰਡਰਾਂਵਾਲੇ ਦੇ ਵਿਚਾਰ ਤੁਹਾਡੇ ਨਾਲੋਂ ਕਿਤੇ ਵੱਧ ਇਨਕਲਾਬੀ ਸਨ। ਭਿੰਡਰਾਂ ਵਾਲਾ ਕਹਿੰਦਾ ਸੀ ਕਿ ਜਦੋਂ ਕਿਸੇ ਸਿੱਖ ਮੁੰਡੇ ਦਾ ਮਾਂ ਬਾਪ ਮਰ ਜਾਵੇ। (ਮੁੰਡਾ ਜੋ 18 ਸਾਲ ਤੋਂ ਘੱਟ ਉਮਰ ਹੈ) ਉਸਨੂੰ ਆਪਣੀ ਮਾਂ ਬਾਪ ਦੀ ਜਾਇਦਾਦ ਦਾ ਟੈਕਸ ਦੇਣਾ ਪੈਂਦਾ ਹੈ। ਪਰ ਹਿੰਦੂਆਂ ਦਾ ਮੁੰਡਾ ਭਾਵੇਂ ਜੰਮਦਾ ਹੀ ਦੁਕਾਨ ਦਾ ਮਾਲਕ ਬਣ ਜਾਵੇ ਉਸਨੂੰ ਕੋਈ ਟੈਕਸ ਨਹੀਂ ਦੇਣਾ ਪੈਂਦਾ। ਕੀ ਤੁਸੀਂ ਕਿਤੇ ਇਹ ਪ੍ਰਸ਼ਨ ਸੋਚਿਆ ਸੀ? ਤੁਸੀਂ ਭਿੰਡਰਾਂ ਵਾਲੇ ਨੂੰ ਕਿਵੇਂ ਰੂੜ੍ਹੀਵਾਦੀ ਕਹਿ ਸਕਦੇ ਹੋ। ਤੁਸੀਂ ਇਸ ਵਿਰੁਧ ਸਰਕਾਰ ਨੂੰ ਕਿਤੇ ਕਿਹਾ ਕਿ ਸਿਖਾਂ ਨੂੰ ਕਿਉਂ ਟੈਕਸ ਦੇਣਾ ਪੈਂਦਾ ਹੈ।

(2) ਤੁਸੀਂ ਕਹਿੰਦੇ ਹੋ ਕਿ ਇਨਕਲਾਬ ਬੰਦੂਕ ਦੀ ਨਾਲੀ ਵਿਚੋਂ ਨਿਕਲਦਾ ਹੈ? ਪਰ ਤੁਹਾਡੇ ਕੋਲ ਤਾਂ ਕੁਤੇ ਦੇ ਮਾਰਨ ਨੂੰ ਸੋਟੀ ਨਹੀਂ। ਕੀ ਤੁਸੀਂ ਇਨਕਲਾਬ ਲਿਆ ਸਕਦੇ ਹੋ। ਪਰ ਭਿੰਡਰਾਂ ਵਾਲੇ ਦਾ ਹਰ ਸਿੰਘ ਬੰਦੂਕ ਧਾਰੀ ਸੀ। ਪਰ ਕਿਤੇ ਤੁਸੀਂ ਕਹਿੰਦੇ ਹੋ ਕਿ ਲਾਭ ਸਿੰਘ ਦੇ ਵਾਰਸੋ, ਸਵਰਨ ਸਿੰਘ ਦੇ ਵਾਰਸੋ ਇਕ ਹੋ ਜਾਓ ਇਸ ਗ਼ੁਲਾਮੀ ਦੀਆਂ ਜੜ੍ਹਾਂ ਪੁਟ ਦਿਉ ਪਰ ਤੁਸੀ ਲਾਭ ਸਿੰਘ ਦੇ ਕਾਤਲ ਜਾਂ ਸਵਰਨ ਹਰਜੀਤ ਦੇ ਕਤਲ ਅਤੇ ਰੰਧਾਵਾ ਦੇ ਕਤਲ ਦਾ ਬਦਲਾ ਲਿਆ ਹੈ। ਇੰਨਾਂ ਦਾ ਨਾਉਂ ਲੈ ਕੇ ਪੈਸੇ ਇਕੱਠੇ ਕਰਨ ਤੇ ਰਹਿੰਦੇ ਹੋ ਪਰ ਭਿੰਡਰਾਂ ਵਾਲਾ ਜਦੋਂ ਕੋਈ ਸਿੰਘ ਮਾਰਿਆ ਜਾਂਦਾ ਉਸਦਾ ਬਦਲਾ ਥੋੜੇ ਸਮੇਂ ਵਿਚ ਹੀ ਲਿਆ ਕਰਦਾ ਸੀ।

(3) ਕੀ ਕਿਤੇ ਇਹ ਸੋਚਿਆ ਕਿ ਤੁਹਾਡੀ ਨਕਸਲਵਾੜੀ ਲਹਿਰ ਕਿਉਂ ਖਤਮ ਹੋਈ? ਤੇ ਭਿੰਡਰਾਂ ਵਾਲਾ ਕਿਉਂ ਅੱਗੇ ਵਧਿਆ?

**ਵਿਆਖਿਆ** : ਤੁਹਾਡੀ ਨਕਸਲਵਾੜੀ ਲਹਿਰ ਦਾ ਖਤਮ ਹੋਣਾਂ ਤੁਹਾਡੇ ਮੂਹਰਲੇ ਆਗੂਆਂ ਦਾ ਖਾਣਾ ਪੀਣਾ ਹੈ ਅਤੇ ਆਪ ਬਚ ਕੇ ਰਹਿਣਾ ਹੈ। ਤੁਹਾਡੇ

ਇਨ੍ਹਾਂ ਨਕਸਲਵਾੜੀਆਂ ਨੂੰ ਪੁਲਸ ਮੁਕਾਬਲੇ ਬਣਾ ਕੇ ਮਾਰਿਆ ਗਿਆ ਪਰ ਤੁਹਾਡੇ ਇਕ ਬੰਦੇ ਨੇ ਉਨ੍ਹਾਂ ਦਾ ਬਦੌਲਾ ਨਹੀਂ ਲਿੱਆ। ਪਰ ਭਿੰਡਰਾਂ ਵਾਲੇ ਦਾ ਕੋਈ ਸਿੰਘ ਪੁਲਿਸ ਮੁਕਾਬਲਾ ਬਣਾ ਕੇ ਮਾਰਿਆ ਗਿਆ। ਤਾਂ ਉਸਦਾ ਬਦਲਾ 24 ਘੰਟਿਆਂ ਦੇ ਵਿਚ ਹੀ ਲਿਆ ਗਿਆ।

ਤੁਹਾਨੂੰ ਪਤਾ ਹੀ ਹੋਊ ਕਿ ਦਹੇੜੂ ਦੇ ਸਿੰਘਾਂ ਨੇ ਕਿਵੇਂ ਪੁਲਿਸ ਵਾਲਿਆਂ ਤੋਂ ਬਾਂਹਾਂ ਖੜੀਆਂ ਕਰਾ ਲਈਆਂ ਸਨ। ਪਰ ਤੁਹਾਡੇ ਕੋਲੋਂ ਕਿਸੇ ਇਕ ਪੁਲਸ ਵਾਲੇ ਦੀਆਂ ਬਾਂਹਾਂ ਖੜੀਆਂ ਨਹੀਂ ਹੋਈਆਂ। ਤੁਹਾਡੇ ਵਿਚ ਅਣਖ ਦੀ ਜ਼ਿੰਦਗੀ ਨਹੀਂ ਤਾਂ ਤੁਸੀਂ ਉਨਾ ਨਕਸਲਵਾੜੀਆਂ ਨੂੰ ਮਿੱਟੀ ਵਿਚ ਕਿਉਂ ਮਿਲਾਈ ਜਾਂਦੇ ਹੋ। ਇਸੇ ਕਾਰਨ ਤਾਂ ਭਿੰਡਰਾਂ ਵਾਲੇ ਪਿਛੇ ਸਿਖ ਨੌਜਵਾਨ ਜ਼ਿਆਦਾ ਜਾ ਰਹੇ ਹਨ ਕਿਉਂਕਿ ਉਸਦਾ ਕੋਈ ਸਟੈਂਡ ਸੀ ਪਰ ਤੁਹਾਡਾ ਕੋਈ ਸਟੈਂਡ ਨਹੀਂ ਸਿਰਫ ਫੰਡ ਖਾਣਾ ਹੀ ਤੁਹਾਡਾ ਸੱਟੈਂਡ ਹੈ।

ਪੰਜਾਬ, ਸਿੱਖ ਅਤੇ ਖਾਲਿਸਤਾਨ ਦਾ ਲੇਖ 'ਕਰਮ ਬਰਸਟ' ਦੁਆਰਾ ਲਿਆ ਗਿਆ। ਉਸ ਵਿਚ ਕਈ ਗ਼ਲਤ ਗੱਲਾਂ ਲਿਖੀਆਂ ਹੋਈਆਂ ਹਨ।

1. 'ਕਰਮ ਬਰਸਟ ਨੇ ਲਿਖਿਆ ਕਿ ਪੰਜਾਬ ਦੀ ਧਰਤੀ ਨੇ ਸਿਖਾਂ ਅਤੇ ਸਿਖ-ਲਹਿਰ ਨੂੰ ਜਨਮ ਦਿੱਤਾ ਹੈ ਨਾ ਕਿ ਸਿਖਾਂ ਨੇ ਪੰਜਾਬ ਨੂੰ ਹੋਂਦ ਵਿਚ ਲਿਆਂਦਾ।' ਪਰ ਇਤਿਹਾਸ ਗਵਾਹ ਹੈ ਕਿ ਜਦੋਂ ਕੋਈ ਬਾਹਰਲਾ ਰਾਜਾ ਜਾਂ ਦੁਸ਼ਮਣ ਹਮਲਾ ਕਰਦਾ ਹੈ ਤਾਂ ਸਿੱਖਾਂ ਨੇ ਹੀ ਪੰਜਾਬ ਨੂੰ ਬਚਾਇਆ ਹੈ। ਅੰਗਰੇਜ਼ਾਂ ਨੇ ਸਭ ਤੋਂ ਪਿਛੋਂ ਪੰਜਾਬ ਨੂੰ ਆਪਣੇ ਰਾਜ ਵਿਚ ਮਿਲਾਇਆ। ਕਿਉਂਕਿ ਉਥੇ ਸਿਖ ਵਸਦੇ ਸਨ। ਸਿਖਾਂ ਨੇ ਹਮੇਸ਼ਾਂ ਪੰਜਾਬ ਨੂੰ ਬਚਾਉਣ ਵਾਸਤੇ ਕੁਰਬਾਨੀਆਂ ਦਿਤੀਆਂ ਹਨ। ਸਿਰਫ ਪੰਜਾਬ ਨੂੰ ਆਜ਼ਾਦ ਕਰਾਉਣ ਵਾਸਤੇ ਹੀ ਨਹੀਂ ਸਗੋਂ ਸਾਰੇ ਭਾਰਤ ਨੂੰ ਆਜ਼ਾਦ ਕਰਾਉਣ ਵਾਸਤੇ 80% ਕੁਰਬਾਨੀਆਂ ਕੇਸਰੀ ਪੱਗਾਂ ਵਾਲਿਆਂ ਨੇ ਦਿੱਤੀਆਂ। ਪਰ ਤੁਸੀਂ ਕੇਸਰੀ ਪੱਗਾਂ ਨੂੰ ਉਂਝ ਹੀ ਸਮਝਦੇ ਹੋ। ਇਹ ਕੇਸਰੀ ਪੱਗਾਂ ਵਾਲੇ ਮੁੰਡੇ ਅੱਜ ਵੀ ਉਸੇ ਤਰ੍ਹਾਂ ਕੁਰਬਾਨੀਆਂ ਦੇਣ ਲਈ ਤਿਆਰ ਹਨ ਅਤੇ ਕੁਰਬਾਨੀਆਂ ਦਿੰਦੇ ਰਹਿਣਗੇ ਹੋਰ ਇਹ ਪੱਗਾਂ ਕੋਈ ਫੈਸ਼ਨ ਵਜੋਂ ਨਹੀਂ ਬੰਨੀਆਂ ਗਈਆਂ। ਪਰ 'ਕਰਮ ਬਰਸਟ' ਜੋ ਸਿਖਾਂ ਨੂੰ ਲਕੜ ਸਿਰੇ ਦਸੰਦਾ ਹੈ ਉਹ ਆਪ ਹੀ ਲਕੜ ਸਿਰਾ ਹੈ ਅਤੇ ਕਿਵੇਂ ਕਹਿ ਸਕਦਾ ਹੈ ਕਿ ਸਿਖਾਂ ਨੇ ਪੰਜਾਬ ਹੋਂਦ ਵਿਚ ਨਹੀਂ ਲਿਆਂਦਾ।

2. 'ਨਾ ਹੀ ਕਿਤੇ ਭਿੰਡਰਾਂਵਾਲੇ ਨੇ ਸੋਚਿਆ ਸੀ ਕਿ ਉਸ ਦੀ ਕਰਤੂਤ ਬਾਹਰਲੇ ਸਿਖ ਭਰਾਵਾਂ ਦੇ ਕਤਲ ਕਰਵਾਉਣ ਦੀ ਮਦਦ ਕਰਵਾਏਗੀ।' (ਵਿਚੋਂ ਹੀ)

ਭਿੰਡਰਾਂਵਾਲੇ ਦੀ ਕਿਹੜੀ ਕਰਤੂਤ ਮਾੜੀ ਐ ਅਤੇ ਆਪਦੀ ਕਿਹੜੀ ਕਰਤੂਤ ਚੰਗੀ ਹੈ? ਭਿੰਡਰਾਂਵਾਲੇ ਨੇ ਸਿਖਾਂ ਦੀ ਰਾਖੀ ਕਰਨ ਵਾਸਤੇ ਆਪਣੀ ਜਾਨ ਕੁਰਬਾਨ ਕਰ ਦਿੱਤੀ ਹੈ ਪਰ ਤੁਸੀਂ ਕਿਸ ਨੇ ਲਾਭ ਸਿੰਘ, ਹਰਜੀਤ, ਸਵਰਨ ਅਤੇ ਰੰਧਾਵੇ ਪਿਛੇ ਜਾਨ ਕੁਰਬਾਨ ਕੀਤੀ ਹੈ? ਉਨ੍ਹਾਂ ਦਾ ਬਦਲਾ ਲਿਆ ਹੈ? ਭਿੰਡਰਾਂਵਾਲੇ ਦੇ ਤਾਂ ਤੁਸੀਂ ਪੈਰ ਵਰਗੇ ਵੀ ਨਹੀਂ ਜਿਹੜਾ ਕਿ 3-4 ਸਾਲਾਂ ਵਿਚ ਇੰਨਾ ਉਭਰ ਕੇ ਸਾਹਮਣੇ ਆਇਆ ਸੀ, ਪਰ ਤੁਹਾਡੀ ਪਾਰਟੀ ਨੂੰ ਇੰਨੇ ਸਾਲ ਹੋ ਗਏ ਹਨ, ਪਰ ਤੁਹਾਡੇ ਕੋਲੋਂ ਕੋਈ ਇਨਕਲਾਬ ਨਹੀਂ ਆਇਆ। ਤੁਹਾਡੀ ਪਾਰਟੀ ਭਿੰਡਰਾਂਵਾਲੇ ਦੀ ਕਰਤੂਤ ਨੂੰ ਕਿਉਂ ਮਾੜੀ ਕਹਿੰਦੀ ਹੈ? ਇਹ ਸਾਨੂੰ ਪਤਾ ਹੈ ਕਿ ਤੁਸੀਂ ਕਹਿੰਦੇ ਹੋ ਕਿ ਭਿੰਡਰਾਂ ਵਾਲੇ ਨੇ ਬੱਸਾਂ ਵਿਚੋਂ ਕੱਢਕੇ ਹਿੰਦੂ ਮਰਵਾ ਦਿੱਤੇ ਹਨ। ਪਰ ਜੇਕਰ ਤੁਹਾਡੇ ਕੋਲ ਕੋਈ ਸਬੂਤ ਹੈ ਤਾਂ ਆਪਣੇ ਰਸਾਲੇ ਵਿਚ ਦਿਉ। ਪਰ ਭਿੰਡਰਾਂਵਾਲੇ ਨੇ ਕਿਹਾ ਸੀ ਕਿ ਇਸ ਦੀ ਸੀ. ਬੀ. ਆਈ. ਵਿਚ ਜਾਂਚ ਕਰਾਈ ਜਾਵੇ ਪਰ ਸਰਕਾਰ ਨੇ ਨਹੀਂ ਕਰੌਵਾਈ, ਫਿਰ ਤਾਂ ਸਰਕਾਰ ਹੀ ਦੋਸ਼ੀ ਹੈ? ਇਕ ਭਿੰਡਰਾਂਵਾਲਾ ਦੀ ਕਰਤੂਤ ਇਹ ਮਾੜੀ ਹੋਊ ਕਿ ਤੁਹਾਡੀ ਪਾਰਟੀ ਫੇਲ੍ਹ ਹੋਣ ਲੱਗ ਪਈ ਸੀ। ਸਿਖ ਫੈਡਰੇਸ਼ਨ ਸਾਰੇ ਕਾਲਜਾਂ ਵਿਚ ਵਿਕਾਸ ਕਰਨ ਲੱਗ ਪਈ ਅਤੇ ਤੁਹਾਡੇ ਫੰਡ ਦੀ ਘਾਟ ਪੈਣ ਲੱਗ ਪਈ। ਜਦੋਂ ਸਿਖ ਫੈਡਰੇਸ਼ਨ ਤੇ ਪਾਬੰਦੀ ਲਗਾਈ ਗਈ ਤਾਂ ਭਿੰਡਰਾਂਵਾਲੇ ਨੇ ਸਾਰੀਆਂ ਯੂਨੀਵਰਸਿਟੀਆਂ ਦੇ ਪੇਪਰ ਬੰਦ ਕਰਵਾ ਦਿਤੇ ਸਨ ਪਰ ਤੁਹਾਡੀ ਪਾਰਟੀ ਕਹਿ ਰਹੀ ਸੀ ਕਿ ਪੇਪਰ ਕਰਵਾਏ ਜਾਣ ਕਿਉਂਕਿ 30 ਲੱਖ ਵਿਦਿਆਰਥੀਆਂ ਦਾ ਭਵਿਖ ਖਤਰੇ ਵਿਚ ਪੈ ਰਿਹਾ ਹੈ। ਕੀ ਗੱਲ ਤੁਹਾਡਾ ਸੈਸ਼ਣ ਮਰ ਰਿਹਾ ਸੀ? ਅਤੇ ਤੁਹਾਡਾ ਸਾਲ ਦਾ ਫੰਡ ਪਾਣੀ ਵਿਚ ਡਿਗ ਰਿਹਾ ਸੀ। ਪਰ ਜਿਹੜੇ ਜੇਹਲਾਂ ਵਿਚ ਬੈਠੇ ਸਨ। ਉਨਾਂ ਦਾ ਭਵਿਖ ਕਿਧਰ ਨੂੰ ਜਾਂਦਾ? ਕੀ ਗੱਲ 30 ਲੱਖ ਵਿਦਿਆਰਥੀ ਜਿਨਾਂ ਦਾ ਭਵਿਖ ਖਤਰੇ ਵਿਚ ਸੀ ਇਹ ਨਹੀਂ ਕਹਿ ਸਕਦੇ ਕਿ ਸਿਖ ਫੈਡਰੇਸ਼ਨ ਤੋਂ ਪਾਬੰਦੀ ਹਟਾਈ ਜਾਵੇ? ਪਰ ਭਿੰਡਰਾਂ ਵਾਲੇ ਨੇ ਤਾਂ ਫਿਰ ਵੀ ਜਿੰਨਾ ਚਿਰ ਰਿਹਾ ਪੇਪਰ ਨਹੀਂ ਹੋਣ ਦਿਤੇ ਅਤੇ ਹੁਣ ਤੁਹਾਨੂੰ ਵੇਖਾਂਗੇ ਕਿ ਰੀਗਲ ਸਿਨਮਾ ਚਲ ਪਿਆ ਹੈ ਅਤੇ 12 ਤਰੀਖ ਤੋਂ ਗ੍ਰਿਫਤਾਰੀਆਂ ਦੇਣ ਲਗਣਾ ਹੈ ਦੇਖਾਂਗੇ ਕਿੰਨੀਆਂ ਕੁ ਗ੍ਰਿਫਤਾਰੀਆਂ ਦਿਉਗੇ ਅਤੇ ਕਿੰਨਾਂ ਕੁ ਤੁਹਾਡਾ ਮੋਰਚਾ ਸਫਲ ਹੋਵੇਗਾ। ਵੇਖਾਂਗੇ ਤੁਸੀਂ ਰੀਗਲ ਸਿਨਮਾ ਬੰਦ ਕਰਵਾਉਗੇ ਕਿ ਨਹੀਂ। ਪਰ ਤੁਸੀਂ ਇਹ ਕਹਿ ਦਿੰਦੇ ਹੋ ਕਿ ਲਾਲਾ ਜਗਤ ਨਰਾਇਣ, ਨਿਰੰਕਾਰੀ ਗੁਰਬਚਨ ਸਿੰਘ, ਹਰਬੰਸ ਲਾਲ ਖੰਨਾ ਵਰਗੇ ਭਿੰਡਰਾਂਵਾਲੇ

ਨੇ ਮਾਰ ਦਿਤੇ ਹਨ । ਪਰ ਤੁਹਾਨੂੰ ਇਹ ਪਤਾ ਹੈ ਕਿ ਇਹ ਕਿਉਂ ਮਾਰੇ ਗਏ ? ਇਸਦਾ ਉਤਰ ਦਿਉ ।

(3) ਕਰਮ ਬਰਸਟ ਨੇ ਲਿਖਿਆ ਹੈ ਕਿ ਸਿੱਖਾਂ ਨੂੰ ਮਾਣ ਸੀ ਕਿ ਸਵਾ ਲਖ ਨਾਲ ਇਕ ਲੜਦਾ ਹੈ । ਇਹ ਸਿਰਫ ਕਹਿਣਾ ਹੀ ਹੈ ਲੜੇ ਨਹੀਂ ?

ਇਹ ਸਿਰਫ ਕਹਿਣਾ ਹੀ ਨਹੀਂ ਸਗੋਂ ਸੱਚ ਹੈ ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਚਮਕੌਰ ਦੀ ਗੜੀ ਵਿਚ 40 ਸਿੰਘਾਂ ਸਮੇਤ 10 ਲੱਖ ਮੁਗਲਾਂ ਦਾ ਘੇਰਾ ਪੈ ਗਿਆ ਸੀ ਪਰ ਗੁਰੂ ਜੀ ਦੇ 40 ਸਿੰਘਾਂ ਨੇ 10 ਲੱਖ ਮੁਗਲਾਂ ਦੇ ਦੰਦ ਖਟੇ ਕਰ ਦਿਤੇ ਅਤੇ ਉਨ੍ਹਾਂ ਦੇ ਮੂੰਹ ਮੋੜ ਦਿਤੇ । ਇਵੇਂ ਜਿਵੇਂ ਹੀ ਸਰਕਾਰ ਨੇ ਦਰਬਾਰ ਸਾਹਿਬ ਵਿਚ ਫੌਜਵਾੜੀ ਤਾਂ ਅੰਦਰ ਲੜਨ ਵਾਲੇ ਸਿੰਘ ਤਾਂ ਸਿਰਫ 200–250 ਹੀ ਸਨ ਪਰ ਸਰਕਾਰ ਨੇ 1 ਲੱਖ ਫੌਜ ਤੋਂ ਵੱਧ ਫੌਜ ਲਗਾ ਦਿਤੀ । ਤੁਸੀਂ ਆਪ ਹੀ ਸੋਚੋ ਕਿ ਪਾਸੇ 1 ਲੱਖ ਤੋਂ ਵੱਧ ਫੋਜ ਹੋਵੇ ਤੇ ਦੂਸਰੇ ਪਾਸੇ 200–250 ਸਿੰਘ ਹੋਣ ਅਤੇ ਫੌਜ ਦੀਆਂ 3–4 ਬਟਾਲੀਅਨਾਂ ਖਤਮ ਕਰ ਦਿਤੀਆਂ ਹੋਣ ਤਾਂ ਇਕ ਸਿੰਘ ਨੂੰ ਕਿੰਨੇ ਫੌਜੀ ਆਏ ਅਤੇ ਇਹ ਕੀ ਹੋਇਆ ? ਇਹ ਕੋਈ ਝੂਠ ਹੈ ਇਹ ਤਾਂ ਤੁਹਾਡੇ ਸਾਹਮਣੇ ਹੋਇਆ ਹੈ । ਪਰ ਤੁਹਾਡਾ ਇਕ ਵੀ ਬੰਦਾ ਇਕ ਬੰਦੇ ਦਾ ਮੁਕਾਬਲਾ ਨਹੀਂ ਕਰ ਸਕਦਾ ।

(4) ਤੁਸੀਂ ਕਹਿੰਦੇ ਹੋ ਕਿ ਭਿੰਡਰਾਂਵਾਲੇ ਨੇ ਕਿਹਾ ਕਿ ਇਕ ਸਿੰਘ ਨੂੰ ਪੈਂਤੀ ਹਿੰਦੂ ਆਉਂਦੇ ਹਨ । ਪਰ ਤੁਸੀਂ ਇਹ ਸੋਚਿਆ ਕਿ ਇਹ ਕਿਉਂ ਕਿਹਾ !

ਜਦੋਂ ਇੰਦਰਾ ਗਾਂਧੀ ਇਹ ਕਹਿ ਸਕਦੀ ਹੈ ਕਿ ਸਿੱਖ ਤਾਂ ਆਟੇ ਵਿਚ ਲੂਣ ਹਨ ਤਾਂ ਭਿੰਡਰਾਂ ਵਾਲਾ ਇਹ ਵੀ ਕਹਿ ਸਕਦਾ ਹੈ ਕਿ ਜੇਕਰ ਆਟੇ ਵਿਚ ਲੂਣ ਥੋੜਾ ਜਿਹਾ ਜ਼ਿਆਦਾ ਪੈ ਜਾਵੇ ਤਾਂ ਬੁਰਕੀ ਅੱਗੇ ਨੀ ਜਾਂਦੀ । ਜੇ ਰਾਜਸਥਾਨ ਦਾ ਮੁੱਖ ਮੰਤਰੀ ਇਹ ਕਹਿ ਸਕਦਾ ਹੈ ਕਿ ਸਿੱਖ ਰਾਜਸਥਾਨ ਵਿਚੋਂ 15 ਦਿਨਾਂ ਵਿਚ ਇਥੋਂ ਆਪਣਾ ਬਿਸਤਰਾ ਚੱਕ ਕੇ ਲੈ ਜਾਣ ਤਾਂ ਭਿੰਡਰਾਂ ਵਾਲਾ ਇਹ ਨਹੀਂ ਕਹਿ ਸਕਦਾ ਕਿ ਇਕ ਸਿੰਘ ਨੂੰ 35 ਹਿੰਦੂ ਆਉਂਦੇ ਹਨ ਮੈਂ ਪੰਜਾਬ ਦੇ ਹਿੰਦੂਆਂ ਨੂੰ 10 ਦਿਨਾਂ ਵਿਚ ਕੱਢ ਦਊਂ । ਪਹਿਲਾਂ ਦੋਸ਼ੀ ਕੌਣ ?

(5) ਤੁਸੀਂ ਹਰ ਲੇਖ ਤੇ ਹਰ ਮੈਗਜ਼ੀਨ ਵਿਚ ਸਿੱਖਾਂ ਨੂੰ ਦੋਸ਼ੀ ਕਹਿੰਦੇ ਹੋ ਕੀ ਹਿੰਦੂ ਦੋਸ਼ੀ ਨਹੀਂ ਹਨ ?

ਹਿੰਦੂ ਸਭ ਤੋਂ ਵੱਧ ਦੋਸ਼ੀ ਹਨ ਸਿੱਖਾਂ ਨੇ ਗੋਲਡਨ ਟੈਂਪਲ ਗੱਡੀ ਦਾ ਨਾਉਂ ਰੱਖਣ ਲਈ, ਗੁਰੂ ਗੋਬਿੰਦ ਸਿੰਘ ਮਾਰਗ ਰੱਖਣ ਲਈ, ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਸਰਕਾਰ ਨੂੰ ਕਿਹਾ ਸੀ । ਪਰ ਹਿੰਦੂਆਂ ਨੇ ਇਸਦਾ ਵਿਰੋਧ ਕੀਤਾ । ਪਰ ਘੱਟੋ ਘੱਟ 20 ਗੱਡੀਆਂ ਹਿੰਦੂਆਂ ਦੇ ਧਰਮ ਅਸਥਾਨਾ ਦੇ ਨਾਂ ਤੇ ਚਲਦੀਆਂ ਹਨ । ਘੱਟੋ ਘੱਟ ਚਾਰ ਧਰਮ ਅਸਥਾਨ ਪਵਿੱਤਰ ਕਰਾਰ ਦਿਤੇ ਹੋਏ ਹਨ । ਪਰ ਸਿੱਖਾ ਨੇ ਇਸ ਦਾ ਵਿਰੋਧ ਨਹੀਂ ਕੀਤਾ ਪਰ ਹਿੰਦੂ ਕਿਉਂ ਵਿਰੋਧ ਕਰਦੇ ਹਨ ਇਸ ਲਈ ਦੋਸ਼ੀ ਹਿੰਦੂ ਹੋਏ ਨਾ ਕਿ ਭਿੰਡਰਾਂਵਾਲਾ ।

6. ਤੁਸੀਂ ਕਹਿੰਦੇ ਹੋ ਜਦੋਂ ਵੀ ਹਿੰਦੂਆਂ ਨੂੰ ਬੱਸਾਂ ਵਿਚੋਂ ਕਢ ਕੇ ਮਾਰਿਆ ਗਿਆ ਤਾਂ ਭਿੰਡਰਾਂ ਵਾਲੇ ਨੇ ਜਾਂ ਸਿਖਾਂ ਨੇ ਉਸਦਾ ਵਿਰੋਧ ਨਹੀਂ ਕੀਤਾ ।

(ਉੱਤਰ) **ਵਿਆਖਿਆ** : ਜਦੋਂ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ 13 ਸਿੰਘ ਨਿਰੰਕਾਰੀਆਂ ਵਲੋਂ ਮਾਰ ਦਿਤੇ ਗਏ ਸਨ ਅਤੇ ਦੋ ਦਰਜਨ ਸਿੰਘ ਚੌਂਕ ਮਹਿਤਾ ਵਿਚ ਮਾਰੇ ਗਏ ਸਨ ਅਤੇ ਫੋਜੀ ਕਾਰਵਾਈ ਕੀਤੀ ਗਈ ਤਾਂ ਕਿਸੇ ਵੀ ਹਿੰਦੂ ਨੇ ਇਸ ਦਾ ਵਿਰੋਧ ਨਹੀਂ ਕੀਤਾ । ਫੇਰ ਕੀ ਭਿੰਡਰਾਂਵਾਲੇ ਦੀ ਇਹ ਕਰਨ ਦੀ ਬਹੁਤੀ ਜ਼ਰੂਰਤ ਸੀ । ਉਤਰ ਦਿਉ । ਤੁਸੀਂ ਭਿੰਡਰਾਂ ਵਾਲੇ ਨੂੰ ਵੱਧ ਤੋਂ ਵੱਧ ਦੋਸ਼ੀ ਦਸਦੇ ਹੋ ਪਰ ਵਧ ਦੋਸ਼ੀ ਤਾਂ ਇਥੇ ਹਿੰਦੂ ਹਨ । ਤੁਸੀਂ ਭਿੰਡਰਾਂ ਵਾਲੇ ਦਾ ਵਿਰੋਧ ਕਿਉਂ ਕਰਦੇ ਹੋ । ਇਸਦਾ ਸਭ ਨੂੰ ਪਤਾ ਹੈ ਕਿ ਭਿੰਡਰਾਂ ਵਾਲੇ ਦੀ ਬਣਾਈ ਗਈ ਸਿਖ ਫੈਂਡਰੇਸ਼ਨ ਸਾਰੀਆਂ ਜਥੇਬੰਦੀਆਂ ਨੂੰ ਮਾਤ ਪਾ ਗਈ । ਸਹੀ ਇਨਕਲਾਬੀਆਂ ਦੇ ਰਾਹ ਤੇ ਚੱਲੀ । ਸੋਢੀ ਵਰਗੇ ਸਿੰਘ ਦਾ ਬਦਲਾ 24 ਘੰਟਿਆਂ ਦੇ ਅੰਦਰ ਲੈਂਦੇ ਰਹੇ ।

7. ਅੰਮ੍ਰਿਤ ਕੋਈ ਨਵਾਂ ਨਹੀਂ......ਹਿੰਦੂ ਮਿਥਿਹਾਸ ਅਨੁਸਾਰ ਦੇਵਤੇ ਅਮ੍ਰਿਤ ਪੀਣ ਨਾਲ ਸਦਾ ਲਈ ਅਮਰ ਹੋ ਗਏ ।

ਉੱਤਰ :—ਹਿੰਦੂ ਧਰਮ ਵਿਚ ਅੰਮ੍ਰਿਤ ਅਤੇ ਸਿਖ ਧਰਮ ਵਿਚ ਅੰਮ੍ਰਿਤ ਦਾ ਬਹੁਤ ਫਰਕ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛੱਕਾ ਕੇ ਸਵਾ ਲਖ ਨਾਲ ਇਕ ਲੜਾਇਆ । ਪਰ ਹਿੰਦੂ ਦੇਵਤੇ ਤਾਂ ਘਰ ਵਾਲੀ ਪਿਛੇ ਹੀ ਲੜੇ ਹਨ ਜਿਵੇਂ ਰਾਮਚੰਦਰ ਸੀਤਾ ਪਿਛੇ । ਕਿਸੇ ਦੇਸ ਖਾਤਰ ਜਾਂ ਧਰਮ ਪਿਛੇ ਨਹੀਂ ਲੜੇ । ਕੁਤੀ ਪਿਛੇ ਤਾਂ ਕੁਤੇ ਵੀ ਲੜ ਪੈਂਦੇ ਹਨ ਪਰ ਘਰ ਰਾਖੀ 100 ਵਿਚੋਂ ਕੋਈ ਇਕ ਹੀ ਕਰ ਸਕਦਾ ਹੈ ।

8. ਤੁਸੀਂ ਕਹਿੰਦੇ ਹੋ ਕਿ ਇਹ ਸ਼ੋਸ਼ੇ ਛੱਡੇ ਜਾਂਦੇ ਹਨ ਕਿ ਭਿੰਡਰਾਂ ਵਾਲਾ ਜਿਉਂਦਾ ਹੈ ਪਰ ਤੁਹਾਡੇ ਅਨੁਸਾਰ ਨਹੀਂ ।

ਉੱਤਰ : ਇਹ ਸਭ ਠੀਕ ਹੈ ਕਿ ਭਿੰਡਰਾਂ ਵਾਲਾ ਜਿਉਂਦਾ ਹੈ ਜਿਹੜਾ ਬੰਦਾ ਧਰਮ ਪਿਛੇ ਲੜਦਾ ਹੈ ਜਾਂ ਕਿਸੇ ਦੇਸ਼ ਪਿਛੇ ਸ਼ਹੀਦ ਹੋਵੇ ਤਾਂ ਉਹ ਬੰਦਾ ਕਦੇ ਵੀ ਮਰਦਾ ਨਹੀਂ ਸਦਾ ਜਿਉਂਦਾ ਹੈ । ਜੇਕਰ ਫੌਜੀ ਕਾਰਵਾਈ ਕੀਤੀ ਗਈ ਤਾਂ ਉਸਦਾ ਬਦਲਾ ਇੰਦਰਾ ਗਾਂਧੀ ਤੋਂ 5 ਮਹੀਨਿਆਂ ਅੰਦਰ ਹੀ ਲਿਆ ਗਿਆ । ਬਦਲਾ ਲੈਣ

ਵਾਲਿਆਂ ਨੇ ਕਿਸੇ ਲੈਨਿਨ ਦੀ ਸਹੁੰ ਨਹੀਂ ਖਾਧੀ ਸਗੋਂ ਅਕਾਲ ਤਖਤ ਦੀ ਖਾਧੀ ਉਹ ਸਿਖ ਸਨ ਨਾ ਕਿ ਕਮਿਊਨਿਸਟ।

(9) ਜਦੋਂ ਇੰਦਰਾ ਗਾਂਧੀ ਦਾ ਕਤਲ ਹੋ ਗਿਆ ਤਾਂ ਤੁਸੀਂ ਕਹਿ ਦਿਤਾ ਕਿ ਇਸ ਪਿਛੇ ਰੂਸ ਜਾਂ ਅਮਰੀਕਾ ਦਾ ਹੱਥ ਹੈ।

ਉੱਤਰ :—ਭਾਈ ਸਾਹਿਬ ਇਸ ਕੰਮ ਪਿਛੇ ਕਿਸੇ ਰੂਸ ਜਾਂ ਅਮਰੀਕਾ ਦਾ ਹੱਥ ਨਹੀਂ ਇਸ ਪਿਛੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੱਥ ਹੈ। ਜਦੋਂ ਮਸੇ ਰੰਗੜ ਨੇ ਹਰਮੰਦਰ ਸਾਹਿਬ ਦੀ ਬੇਅਦਬੀ ਕੀਤੀ ਤਾਂ ਗੁਰੂ ਦੀ ਕ੍ਰਿਪਾ ਨਾਲ ਭਾਈ ਸੁਖਾ ਸਿੰਘ ਤੇ ਮਹਿਤਾਬ ਸਿੰਘ ਨੇ ਬਦਲਾ ਲਿਆ। ਉਨ੍ਹਾਂ ਪਿਛੇ ਕਿਹੜੇ ਰੂਸ ਜਾਂ ਅਮਰੀਕਾ ਦਾ ਹੱਥ ਸੀ। ਜੇਕਰ ਤੁਸੀਂ ਕਿਸੇ ਤਰਾਂ ਦਾ ਗੰਦ ਜਾਂ ਕੋਈ ਹੋਰ ਹਰਕਤ ਕਰੋਂ ਤਾਂ ਤੁਹਾਨੂੰ ਵੀ ਸਿੰਘ ਕਦੇ ਵੀ ਨਹੀਂ ਛਡਣਗੇ ਤਾਂ ਤੁਸੀਂ ਵੇਖ ਲਿਉ ਕਿ ਤੁਹਾਡੀ ਮੌਤ ਪਿਛੇ ਕਿਸ ਰੂਸ ਜਾਂ ਅਮਰੀਕਾ ਦਾ ਹੱਥ ਹੈ1

ਸਾਡੀ ਮੱਖੀਆਂ ਵਿਚੋਂ ਵੱਖਰੀ ਕੌਮ ਭਮੱਕੜਾਂ ਦੀ।
ਜਿਹੜਾ ਸਾਡੇ ਨਾਲ ਲਵੇ ਪੰਗਾ ਪਹਿਲਾਂ ਤਿਆਰੀ ਕਰ ਲਏ ਲਕੜਾਂ ਦੀ।

ਜਦੋਂ ਤੁਸੀਂ ਭਿੰਡਰਾਂ ਵਾਲੇ ਵਰਗੇ ਬਣ ਗਏ ਤਾਂ ਤੁਹਾਨੂੰ ਦਸ ਦਿਆਂਗੇ ਅਜੇ ਤਾਂ ਤੁਸੀਂ ਭਿੰਡਰਾਂ ਵਾਲੇ ਦੇ ਪੈਰ ਵਰਗੇ ਵੀ ਨਹੀਂ। ਜੇ ਤੁਸੀਂ ਅਸਲੀ ਕਾਮਰੇਡ ਹੋ ਤਾਂ ਤੁਸੀਂ ਅਗਲੇ ਰਸਾਲੇ ਵਿਚ ਇੰਨਾਂ ਸਾਰੀਆਂ ਗੱਲਾਂ ਦਾ ਜੁਆਬ ਜ਼ਰੂਰ ਦੇਉਗੇ ਨਹੀਂ ਤਾਂ ਫਿਰ ਤੁਸੀਂ ਫੰਡ ਖਾਣੇ ਹੀ ਹੋ ਅਤੇ ਕਾਮਰੇਡ ਨਹੀਂ।

ਭਾਗ ਸਿੰਘ ਗਿੱਲ, ਗੁਰਵਿੰਦਰ ਸਿੰਘ ਗਿੱਲ, ਤੇ ਸੁਖਵਿੰਦਰ ਸਿੰਘ ਗਿੱਲ, ਪਰੀ ਇੰਜਨੀਰਿੰਗ ਵਿਦਿਆਰਥੀ
—ਸੰਗਰੂਰ।

## ਸੰਪਾਦਕ ਵਲੋਂ ਜਵਾਬ

o ਕੀ ਅਕਾਲੀਆਂ ਵਲੋਂ ਲਗਾਇਆ ਗਿਆ ਮੋਰਚਾ ਕੁਰਸੀ ਦੀ ਲੜਾਈ ਨਹੀਂ ? ਇਹਦਾ ਜਵਾਬ ਹਾਂ ਵਿਚ ਹੈ। ਸਮਤਾ ਵਿਚ ਲਿਖਿਆ ਹਰ ਇਕ ਸੰਪਾਦਕੀ ਅਕਾਲੀਆਂ ਬਾਰੇ ਇਕ ਸਪੱਸ਼ਟ ਧਾਰਨਾ ਰਖਦਾ ਹੈ। ਅਕਾਲੀ ਦਲ ਇਕ ਸਿਆਸੀ ਪਾਰਟੀ ਹੈ। ਦੂਜੀਆਂ ਸਿਆਸੀ ਪਾਰਟੀਆਂ ਵਾਂਗੂੰ ਤਾਕਤ ਵਿਚ ਆਉਣ ਲਈ ਸੰਘਰਸ਼ ਕਰਨਾ ਉਸ ਪਾਰਟੀ ਦਾ ਜਾਇਜ਼ ਹੱਕ ਹੈ। ਇਸ ਲਈ ਉਹ ਕੁਰਸੀ ਹਾਸਿਲ ਕਰਨ ਲਈ ਜੇ ਕੋਈ ਸੰਘਰਸ਼ ਕਰਦੀ ਹੈ ਤਾਂ ਉਹ ਇਸ ਦੇਸ਼ ਵਿਚ ਸਿਆਸਤ ਦਾ ਇਕ ਹਿੱਸਾ ਹੈ। ਉਹਦਾ ਹੁਣ ਵਾਲਾ ਮੋਰਚਾ ਵੀ ਕੁਰਸੀ ਹਾਸਲ ਕਰਨ ਵਾਸਤੇ ਹੀ ਹੈ। ਇਸ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋ ਸਕਦਾ ਤੇ ਨਾਂ ਸਾਨੂੰ ਹੈ। ਅਸੀਂ ਇਸਨੂੰ ਗ਼ਲਤ ਵੀ ਨਹੀਂ ਕਹਿੰਦੇ। ਪਰ ਕੁਰਸੀ ਮੋਰਚੇ ਨੂੰ ਜੇਕਰ ਧਰਮ ਯੁੱਧ ਦਾ ਨਾਂ ਦਿੱਤਾ ਜਾਏ ਤਾਂ ਉਹ ਗਲਤ ਹੈ। ਇਮਾਨਦਾਰੀ ਇਸੇ ਵਿਚ ਹੈ ਕਿ ਇਸ ਮੋਰਚੇ ਨੂੰ ਸਿਆਸੀ ਮੋਰਚਾ ਆਖਿਆ ਜਾਏ।

o ਹਥਿਆਰ ਚੁਕਣੇ ਜਾਂ ਹਥਿਆਰ ਵਰਤਣੇ ਆਪਣੇ ਆਪ ਵਿਚ ਕੋਈ ਗ਼ਲਤ ਧਾਰਨਾ ਨਹੀਂ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਹ ਹਥਿਆਰ ਕਿਸਦੇ ਵਿਰੁੱਧ ਚੁੱਕੇ ਜਾ ਰਹੇ ਹਨ ? ਸੰਤ ਭਿੰਡਰਾਂਵਾਲਾ ਜੀ ਆਪ ਵੀ ਤੇ ਉਹਨਾਂ ਨੂੰ ਆਗੂ ਮੰਨਕੇ ਤੁਰਨ ਵਾਲੇ ਨੌਜਵਾਨ ਦੋ ਢਾਈ ਸਾਲ ਦਰਬਾਰ ਸਾਹਿਬ ਵਿਚ ਹਥਿਆਰ ਲੈ ਕੇ ਤੁਰਦੇ ਫਿਰਦੇ ਰਹੇ। ਨੌਜਵਾਨ ਦੋ ਦੋ ਪਿਸਤੌਲਾਂ ਪਾਈ ਇਕਾ-ਦੁੱਕਾ ਹਵਾ ਵਿਚ ਫਾਇਰ ਵੀ ਕਰਦੇ ਰਹਿੰਦੇ ਸਨ। ਇਸ ਦੌਰਾਨ ਪੰਜਾਬ ਵਿਚ ਇਕਾ-ਦੁੱਕਾ ਕਤਲ ਵੀ ਹੁੰਦੇ ਰਹੇ। ਹਿੰਦੂਆਂ ਦੇ ਵੀ ਤੇ ਸਿੱਖਾਂ ਦੇ ਵੀ। ਇਹਨਾਂ ਕਤਲਾਂ ਨੂੰ ਸੰਤ ਭਿੰਡਰਾਂਵਾਲੇ ਕਦੀ ਨਿੰਦ ਦੇਂਦੇ ਤੇ ਕਦੀ ਸ਼ਲਾਘਾ ਕਰ ਦੇਂਦੇ। ਹਿੱਟ ਲਿਸਟ ਦਾ ਸ਼ਬਦ ਨਵਾਂ ਘੜਿਆ ਗਿਆ। ਆਖਰ ਇਹ ਸਭ ਕੁਝ ਕਾਹਦੇ ਵਾਸਤੇ ਸੀ ? ਫੇਰ ਦਰਬਾਰ ਸਾਹਿਬ ਵਿਚ ਕਤਲ ਹੋਣੇ ਸ਼ੁਰੂ ਹੋਏ। ਸੋਢੀ ਮਾਰਿਆ ਗਿਆ। ਉਹਦਾ ਕਾਤਿਲ ਜ਼ਿੰਦਾ ਮਾਰਿਆ ਗਿਆ। ਕੋਈ ਬਲਜੀਤ ਕੌਰ ਮਾਰੀ ਗਈ ਤੇ ਉਹਦੀ ਲਾਸ਼ ਟੋਟੇ ਟੋਟੇ ਹੋਈ ਇਕ ਬੋਰੀ ਵਿਚੋਂ ਲੱਭੀ। ਕੋਈ ਮਾਲਕ ਸਿੰਘ ਭਾਟੀਆ ਮਾਰਿਆ ਗਿਆ। ਇਹ ਜੋ ਕੁਝ ਹੋ ਰਿਹਾ ਸੀ ਜਾਂ ਹੋਇਆ, ਕਿਸ ਨਿਸ਼ਾਨੇ ਵਾਸਤੇ ਸੀ ? ਹੈ ਇਸਦਾ ਕੋਈ ਜਵਾਬ ? ਚੰਗੇ ਭਲੇ ਵਸਦੇ ਪੰਜਾਬ ਵਿਚ ਇਕ ਖੌਰੂ ਪੈ ਗਿਆ। ਇਤਿਹਾਸ ਜਦੋਂ ਲਿਖਿਆ ਜਾਏਗਾ, ਤਾਂ ਸੰਤ ਭਿੰਡਰਾਂ ਵਾਲਿਆਂ ਦਾ ਨਾਂ ਜਿਥੇ ਦਰਬਾਰ ਸਾਹਿਬ ਦੇ ਐਕਸ਼ਨ ਵੇਲੇ ਸ਼ਹੀਦਾਂ ਵਿਚ ਲਿਖਿਆ ਜਾਏਗਾ, ਉਥੇ ਜੂਨ ਤੋਂ ਪਹਿਲਾਂ ਉਹਨਾਂ ਸ਼ਖਸੀਅਤਾਂ ਵਿਚ ਵੀ ਜ਼ਰੂਰ ਲਿਖਿਆ ਜਾਏਗਾ, ਜਿਨ੍ਹਾਂ ਨੇ ਵਾਤਾਵਰਨ ਵਿਚ ਵੱਡਾ ਖਿਚਾਅ ਪਾਉਣ ਵਿਚ ਹਿੱਸਾ ਪਾਇਆ। ਮੋਟਰ ਸਾਇਕਲ ਸਕੈਡਾਂ ਨੇ ਜਿਹੜਾ ਅਨ-ਅਰਥ ਕੀਤਾ ਹੈ, ਉਹਦੀ ਜ਼ਿੰਮੇਵਾਰੀ ਤੋਂ ਕੀ ਸੰਤ ਭਿੰਡਰਾਂ ਵਾਲਾ ਜੀ ਬਰੀ ਕੀਤੇ ਜਾ ਸਕਦੇ ਹਨ ? ਹੁਣ ਇਹਨਾਂ ਕਹਿਣਾ ਕਿ ਇਹ ਕਤਲ ਸਰਕਾਰ ਕਰਵਾਉਂਦੀ ਰਹੀ ਹੈ। ਇਹ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਗੱਲ ਹੈ ਕਿ ਕੁਝ ਕਤਲਾਂ ਬਾਰੇ ਤਾਂ ਫੜ ਮਾਰ ਕੇ ਆਖ ਦਿੱਤਾ ਜਾਏ ਕਿ ਹਾਂ ਅਸੀਂ ਕਰਵਾਏ ਹਨ। ਅਸੀਂ ਹੀ ਗੱਡੀ ਚੜਾਇਆ ਹੈ ਤੇ ਕੁਝ ਬਾਰੇ ਆਖ ਦਿਤਾ ਜਾਏ ਕਿ ਇਹ ਸਰਕਾਰ ਕਰਵਾਉਂਦੀ ਰਹੀ ਹੈ, ਸਾਨੂੰ ਬਦਨਾਮ ਕਰਨ ਲਈ। ਇਹ ਬੁੱਧੂਆਂ ਦੀ ਬਹਿਸ਼ਤ ਵਿਚ ਰਹਿਣ ਦੇ

ਬਰਾਬਰ ਹੈ।

੦ ਮੈਂ ਆਪਣੇ ਇਕ ਸੰਪਾਦਕੀ ਵਿਚ ਲਿਖਿਆ ਹੈ ਸੀ ਕਿ ਕਾਂਗਰਸ ਪਾਰਟੀ ਰਾਜਸੀ ਇਕ ਢੌਂਗੀਆਂ ਦੀ ਪਾਰਟੀ ਹੈ ਅਤੇ ਅਕਾਲੀ ਪਾਰਟੀ ਦੀ ਧਰਮ ਅਧਾਰਤ ਸਿਆਸਤ ਸਮਾਂ ਵਿਹਾ ਚੁੱਕੀ ਸਿਆਸਤ ਹੈ। ਇੰਦਰਾ ਗਾਂਧੀ ਨੇ ਆਪਣੀਆਂ ਚਲਾਕੀਆਂ ਦੀ ਸਜ਼ਾ ਭੁਗਤੀ ਅਤੇ ਅਕਾਲੀਆਂ ਨੇ ਆਪਣੀ ਮੂਰਖਤਾ ਨਾਲ ਦਰਬਾਰ ਸਾਹਿਬ ਅਤੇ ਅਕਾਲ ਤਖਤ ਦਾ ਨਾਸ ਕਰਵਾਇਆ। ਦਰਬਾਰ ਸਾਹਿਬ ਵਿਚ ਮੋਰਚੇ ਲਗਾਕੇ ਦੇਸ਼ ਦੀ ਫੌਜ ਦਾ ਮੁਕਾਬਲਾ ਕਰਨਾ ਮੂਰਖਪੁਣੇ ਤੋਂ ਸਿਵਾ ਹੋਰ ਕੁਝ ਨਹੀਂ ਸੀ। ਇਹ ਅਕਾਲੀ ਲੀਡਰਸ਼ਿਪ ਅਤੇ ਵਿਸ਼ੇਸ਼ ਕਰਕੇ ਸੰਤ ਲੌਂਗੋਵਾਲ ਅਤੇ ਟੌਹਰਾ ਹੋਰਾਂ ਦੀ ਬੜੀ ਭਾਰੀ ਗ਼ਲਤੀ ਸੀ, ਉਹਨਾਂ ਕੋਲ ਦਰਬਾਰ ਸਾਹਿਬ ਦੇ ਕੰਪਲੈਕਸ ਦਾ ਕੰਟਰੋਲ ਸੀ। ਉਹਨਾਂ ਨੂੰ ਸੰਤ ਭਿੰਡਰਾਂ ਵਾਲਾ ਹੋਰਾਂ ਨੂੰ ਅਕਾਲ ਤਖ਼ਤ ਤੇ ਮੋਰਚਾ ਲਗਾਉਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਸੀ।

੦ ਤੁਸੀਂ ਮੱਸਾ ਰੰਗੜ ਦੀ ਮਿਸਾਲ ਦਿੱਤੀ ਹੈ, ਪਰ ਇਹ ਮਿਸਾਲ ਗ਼ਲਤ ਹੈ। ਇੰਦਰਾ ਗਾਂਧੀ (ਗਿਆਨੀ ਜ਼ੈਲ ਸਿੰਘ ਵੀ ਆਖੋ) ਦੀ ਅਬਦਾਲੀ ਨਾਲ ਤੁਲਨਾ ਤਾਂ ਕੀਤੀ ਜਾ ਸਕਦੀ ਹੈ, ਜਿਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਤਬਾਹੀ ਦਾ ਹੁਕਮ ਦਿੱਤਾ ਜਾਂ ਜ਼ੈਲ ਸਿੰਘ (ਪ੍ਰਧਾਨ ਫ਼ੌਜ ਦਾ ਸੁਪਰੀਮ ਕਮਾਂਡਰ ਹੁੰਦਾ ਹੈ) ਦੀ ਫੌਜ ਨੇ ਹਰਮੰਦਰ ਸਾਹਿਬ ਦੀ ਤਬਾਹੀ ਕੀਤੀ, ਪਰ ਹਰਮੰਦਰ ਸਾਹਿਬ ਦੀ ਪਵਿੱਤ੍ਰਤਾ ਜੂਨ ਐਕਸ਼ਨ ਤੋਂ ਪਹਿਲੋਂ ਵੀ ਭੰਗ ਹੋ ਚੁੱਕੀ ਸੀ। ਉਥੇ ਘੁੰਗਰੂਆਂ ਦਾ ਨਾਚ ਤਾਂ ਭਾਵੇਂ ਨਹੀਂ ਸੀ ਹੋਇਆ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੂਨ ਐਕਸ਼ਨ ਤੋਂ ਪਹਿਲਾਂ ਇਹ ਸਮਾਜ ਦੁਸ਼ਮਣ ਲੋਕਾਂ ਦੀ ਸਰਗਰਮੀਆਂ ਦੀ ਥਾਂ ਬਣ ਚੁੱਕੀ ਸੀ ਤੇ ਹਰ ਕਿਸਮ ਦਾ ਹਥਿਆਰਬੰਦ ਗ਼ਲਤ ਵਿਅਕਤੀ ਆਪਣੇ ਆਪ ਨੂੰ ਸੰਤ ਭਿੰਡਰਵਾਲਾ ਦਾ ਬੰਦਾ ਦਸਕੇ ਹਰ ਕਿਸਮ ਦੀ ਖੁਲ੍ਹ ਦਾ ਹੱਕਦਾਰ ਬਣ ਜਾਂਦਾ ਸੀ। ਸੋ ਅਜ ਦੇ ਪ੍ਰਸੰਗ ਵਿਚ ਮੱਸਾ ਰੰਗੜ ਕੌਣ ਸੀ, ਇਹਦਾ ਫੈਸਲਾ ਹਾਲੇ ਹੋਣਾ ਹੈ।

੦ ਕਮਿਊਨਿਸਟਾਂ ਨੇ, ਜਾਂ ਕਮਿਊਨਿਸਟ ਇਨਕਲਾਬੀਆਂ ਦਾ ਜ਼ਿਕਰ ਤੁਸੀਂ ਅਪਣੀ ਚਿੱਠੀ ਵਿਚ ਕੀਤਾ ਹੈ, ਕਦੀ ਦਾਅਵਾ ਨਹੀਂ ਕੀਤਾ ਕਿ ਬਗ਼ੈਰ ਲੋਕਾਂ ਦੀ ਸਹਮੁਦੱਤਾ ਦੇ ਹਥਿਆਰਾਂ ਨਾਲ ਹੀ ਇਨਕਲਾਬ ਲੈ ਆਉਣਗੇ। ਜੇ ਕਿਸੇ ਪੜਾਅ ਤੇ ਉਹਨਾਂ ਵਲੋਂ ਕੁਝ ਨੇ ਦਾਅਵਾ ਕੀਤਾ ਵੀ ਸੀ ਤਾਂ ਉਹ ਗ਼ਲਤ ਸੀ। ਤਿਲਗਾਨਾ, ਨਕਸਲਬਾੜੀ ਕਮਿਊਨਿਸਟਾਂ ਦੀ ਅਗੁਵਾਈ ਵਿਚ ਬੇਜ਼ਮੀਨੇ ਕਿਸਾਨਾਂ ਨੇ ਹਥਿਆਰ ਚੁੱਕੇ। ਉਹ ਫੇਰ ਵੀ ਚੁਕਣਗੇ। ਉਹਨਾਂ ਦੇ ਸਾਹਮਣੇ ਇਕ ਇਨਕਲਾਬ ਦਾ ਨਿਸ਼ਾਨਾ ਹੈ। ਉਹਨਾਂ ਦਾ ਸੰਘਰਸ਼ ਜਾਰੀ ਹੈ। ਪਰ ਸੰਤ ਭਿੰਡਰਾਂਵਾਲਾ ਜੀ ਕਿਸਦੇ ਵਿਰੁਧ ਹਥਿਆਰ ਚੁੱਕ ਰਹੇ ਸਨ? ਇਕ ਬਾਹਮਣੀ ਦੇ ਵਿਰੁੱਧ। (ਉਨ੍ਹਾਂ ਦੀਆਂ ਅਪਣੀਆਂ ਤਕਰੀਰਾਂ ਦਾ ਹਵਾਲਾ)। ਬਾਹਮਣੀ ਮਰ ਗਈ। ਕੀ ਰਾਜ ਬਦਲੇ ਗਏ? ਸੰਤ ਭਿੰਡਰਾਂਵਾਲਾ ਜੀ ਦੀ ਲੜਾਈ ਬਿਲਕੁਲ ਗ਼ਲਤ ਸੀ। ਇਹਦੇ ਵਿਚ ਹਥਿਆਰਾਂ ਜਾਂ ਹਥਿਆਰਾਂ ਦਾ ਨਾਂ ਹੋਣਾ ਕੋਈ ਅਰਥ ਨਹੀਂ ਰਖਦਾ। ਅੱਜ ਦੇ ਯੁੱਗ ਵਿਚ ਲੜਾਈ ਅਮੀਰ ਤੇ ਗ਼ਰੀਬ ਦੇ ਹਿਤਾਂ ਦੇ ਪ੍ਰਸੰਗ ਵਿਚ ਹੈ ਤੇ ਇਸਨੂੰ ਖਾਮਖਾਹ ਸਿੱਖ, ਹਿੰਦੂ ਦੀ ਲੜਾਈ ਵਿਚ ਬਦਲ ਦੇਣਾ ਕਿਥੋਂ ਦੀ ਅੱਕਲਮੰਦੀ ਹੈ? ਇਸੇ ਨੂੰ ਸਿਆਸਤ ਵਿਚ ਰੂੜੀਵਾਦ ਕਹਿੰਦੇ ਹਨ। ਅਖੇ ਹਿੰਦੂ ਚੁੱਪ ਚੁਪੀਤੇ ਵਪਾਰ ਵਿਚ ਬੈਠ ਜਾਂਦਾ ਹੈ, ਜਦੋਂ ਸਿਖ ਨੂੰ ਪਿਓ ਮਰਨ ਤੇ ਟੈਕਸ ਦੇਣਾ ਪੈਂਦਾ ਹੈ। ਕੀ ਸਿਖ ਵਪਾਰੀ ਦਾ ਪੁੱਤਰ ਪਿਤਾ ਦੇ ਮਰਨ ਤੇ ਵਪਾਰ ਨਹੀ ਸਾਂਭ ਲੈਂਦਾ? ਕੀ ਹਿੰਦੂ ਕਿਸਾਨ (ਹਰਿਆਨਾ, ਗੁਜਰਾਤ ਤੇ ਹੋਰਨਾਂ ਥਾਂਵਾਂ ਤੇ) ਨੂੰ ਟੈਕਸ ਨਹੀਂ ਦੇਣਾ ਪੈਂਦਾ? ਇਹ ਲੜਾਈ ਲੜਣ ਦੀ ਕੀ ਦਲੀਲਾਂ ਹਨ? ਤੇ ਲੜਾਈ ਵੀ ਐਸੀ ਜਿਸ ਵਿਚ ਹਜ਼ਾਰਾਂ ਮਰ ਗਏ, ਸੰਤ ਭਿੰਡਰਾਂਵਾਲਾ ਆਪ ਸ਼ਹੀਦ ਹੋ ਗਏ, ਦਰਬਾਰ ਸਾਹਿਬ ਤਬਾਹ ਹੋ ਗਿਆ, ਪ੍ਰਧਾਨ ਮੰਤਰੀ ਦੀ ਹਤਿਆ ਹੋ ਗਈ ਲਖਾਂ ਕ੍ਰੋੜਾਂ ਦੀ ਜਾਇਦਾਦ ਗ਼ਰਕ ਹੋ ਗਈ, ਬੱਚੇ ਯਤੀਮ ਹੋ ਗਏ, ਸੁਹਾਗਨਾਂ ਦੇ ਸੁਹਾਗ ਲੁੱਟੇ ਗਏ, ਹੁਣ ਮੋਰਚਾ ਜਿਤ ਵੀ ਲਓ, ਕਿਸ ਅਰਥ? ਪਰ ਲਗਦਾ ਹੈ ਕਿ ਹਾਲੀ ਹੋਰ ਵੀ ਨੁਕਸਾਨ ਹੋਣਾ ਹੈ, ਕਿਉਂਕਿ ਦੋਨੋਂ ਧਿਰਾਂ (ਅਕਾਲੀ ਅਤੇ ਸਰਕਾਰ) ਵਿਚੋਂ ਕਿਸੇ ਵਿਚ ਵੀ ਇਖਲਾਕੀ ਜੁਰਅਤ ਨਹੀਂ ਕਿ ਉਹ ਗ਼ਲਤੀ ਮੰਨਨ। ਜ਼ਿਦ ਜ਼ਿਦ ਵਿਚ ਹੋਰ ਬੇਗੁਨਾਹ ਮਰਨੇ ਹਨ।

੦ ਚਿੱਠੀ ਵਿਚ ਫੰਡਾਂ ਦਾ ਜ਼ਿਕਰ ਵਾਰ ਵਾਰ ਕੀਤਾ ਗਿਆ ਹੈ। ਲਿਖਣ ਵਾਲੇ ਨੌਜਵਾਨਾਂ ਨੇ ਇਹ ਫੰਡ ਕਿਸ ਨੂੰ ਦਿੱਤਾ ਹੈ? ਸਮਤਾ ਦੇ ਸੰਪਾਦਕ ਹੋਣ ਦੀ ਹੈਸੀਅਤ ਵਿਚ ਮੈਂ ਤਾਂ ਇਹੀ ਆਖ ਸਕਦਾ ਹਾਂ ਕਿ ਅਦਾਰਾ ਸਮਤਾ ਨੇ ਜਾਂ ਉਹਦੇ ਸੰਪਾਦਕ ਨੇ ਕਦੀ ਇਕ ਫ਼ੁੱਟੀ ਪਾਈ ਕਿਸੇ ਕੋਲੋਂ ਫੰਡ ਨਹੀਂ ਮੰਗਿਆ। ਬਾਕੀ ਰਾਜਸੀ ਪਾਰਟੀਆਂ ਆਪਣੀਆਂ ਕਾਰਗੁਜ਼ਾਰੀਆਂ ਲਈ ਆਪਣੇ ਹਮਦਰਦਾਂ ਕੋਲੋਂ ਫੰਡ ਜ਼ਰੂਰ ਇਕੱਠਾ ਕਰਦੀਆਂ ਹਨ। ਚਿੱਠੀ ਲਿਖਣ ਵਾਲੇ ਨੌਜਵਾਨ੍ਹਾਂ ਨੇ ਜੇ ਕਿਸੇ ਵੇਲੇ ਕਿਸੇ ਵਿਦਿਆਰਥੀ ਯੂਨੀਅਨ ਨੂੰ ਫੰਡ ਦਿਤਾ ਹੈ ਤਾਂ ਉਹ ਉਸ ਉਸਦੇ ਨਿਸ਼ਾਨੇ ਨੂੰ ਠੀਕ ਸਮਝਦੇ ਹੋਣਗੇ। ਹੁਣ ਜੇਕਰ ਠੀਕ ਨਹੀਂ ਸਮਝਦੇ ਤਾਂ ਇਹ ਫੰਡ ਨਹੀਂ ਦੇਣਾ ਚਾਹੀਦਾ। ਫੰਡ ਖਾਣ ਦਾ ਮਿਹਣਾ ਤਾਂ ਹੀ ਦਿੱਤਾ ਜਾ ਸਕਦਾ ਹੈ ਕਿ ਫੰਡ ਇਕੱਠਾ ਕਿਸੇ ਵਿਸ਼ੇਸ਼ ਕੰਮ ਲਈ ਇਕੱਠਾ ਕੀਤਾ ਜਾਏ ਪਰ ਉਹ ਕੰਮ ਨੇਪਰੇ ਨਾ ਚਾੜ੍ਹਿਆ

ਹੋਵੇ। ਸੋ ਜੇਕਰ ਕਿਸੇ ਕਮਿਊਨਿਸਟ ਕਾਰਕੁਨ ਕੋਲੋਂ ਇਹੋ ਜਿਹੀ ਗ਼ਲਤੀ ਹੋਈ ਵੀ ਹੈ ਤਾਂ ਉਹਦੀ ਪਾਰਟੀ ਨੂੰ ਇਹਦਾ ਨੋਟਿਸ ਲੈਣਾ ਚਾਹੀਦਾ ਹੈ ਤੇ ਭਵਿਖ ਵਿਚ ਇਸ ਪਖੋਂ ਆਪਣੇ ਕੇਡਰ ਨੂੰ ਖਬਰਦਾਰ ਵੀ ਕਰਨਾ ਚਾਹੀਦਾ ਹੈ।

o ਆਖਰ ਵਿਚ ਚਿੱਠੀ ਲਿਖਣ ਵਾਲੇ ਨੌਜਵਾਨਾਂ ਨੂੰ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਠੰਢੇ ਦਿਮਾਗ਼ ਨਾਲ ਪੰਜਾਬ ਦੇ ਸਾਰੇ ਮਾਮਲੇ ਉਤੇ ਗਹੁ ਕਰਨ। ਇਸ ਦੇਸ਼ ਵਿਚ ਭ੍ਰਿਸ਼ਟ ਰਾਜਨੀਤੀ ਦਾ ਬੋਲਬਾਲਾ ਹੈ, ਜੋ ਇਸ ਸਿਸਟਮ ਦੀ ਅਤੇ ਵਿਸ਼ੇਸ਼ ਕਰਕੇ ਕਾਂਗਰਸ (ਇੰਦਰਾ) ਦੀ ਦੇਣ ਹੈ, ਜਿਸਨੇ ਇਥੇ 38 ਸਾਲਾਂ ਵਿਚੋਂ 36 ਸਾਲ ਰਾਜ ਕੀਤਾ ਹੈ। ਇਸ ਦਾ ਸ਼ਿਕਾਰ ਭਾਰਤ ਦੇ ਸਾਧਾਰਨ ਲੋਕ ਹਨ। ਕਲ ਪੰਜਾਬ ਦੇ ਲੋਕ ਸਨ ਤਾਂ ਅੱਜ ਗੁਜਰਾਤ ਦੇ ਲੋਕ ਹਨ। ਪੁਲਸ ਤੇ ਫੌਜ ਦੀਆਂ ਗੋਲੀਆਂ ਨਾਲ ਜੋ ਮਰ ਰਹੇ ਹਨ, ਉਹ ਹਿੰਦੂ ਹਨ। ਇਹ ਸਵੀਕਾਰ ਕਰਦੇ ਹੋਏ ਕਿ ਸੰਤ ਭਿੰਡਰਾਂਵਾਲਾ ਨੇ ਜਦੋਂ 7 ਸਾਲ ਪਹਿਲੇ ਕੇਵਲ ਧਾਰਮਕ ਪਰਚਾਰ ਦੇ ਖੇਤਰ ਵਿਚੋਂ ਨਿਕਲਕੇ ਪਬਲਿਕ ਖੇਤਰ ਵਿਚ ਵੀ ਦਖ਼ਲ ਅੰਦਾਜ਼ੀ ਸ਼ੁਰੂ ਕੀਤੀ ਤਾਂ ਉਹਨਾਂ ਦਾ ਨਿਸ਼ਾਨਾ ਇਸ ਭ੍ਰਿਸ਼ਟਤਾ ਦੇ ਵਿਰੁਧ ਲੜਨਾ ਸੀ ਜੋ ਉਹਨਾਂ ਦੇ ਆਪਣੇ ਕਹਿਣ ਦੇ ਮੁਤਾਬਿਕ ਸਿਖ ਧਾਰਮਿਕ ਅਦਾਰਿਆਂ ਵਿਚ ਵੀ ਪੂਰੀ ਤਰ੍ਹਾਂ ਹਾਵੀ ਹੋ ਚੁੱਕੀ ਸੀ। ਪਰ ਜਿਸ ਜਨੂੰਨ ਦੇ ਪੈਂਤੜੇ ਤੋਂ ਖਲੋਕੇ ਉਹਨਾਂ ਨੇ ਇਹ ਲੜਾਈ ਕੀਤੀ ਉਹ ਬਹੁਤ ਹੀ ਗ਼ਲਤ ਸੀ। ਮੈਂ ਇਹ ਗੱਲ ਸਮਤਾ ਦੇ ਨਵੰਬਰ 1981 ਦੇ ਸੰਪਾਦਕੀ ਵਿਚ ਵੀ ਕਹੀ ਸੀ। ਪੰਜਾਬ ਦੇ ਲੋਕਾਂ ਨੂੰ ਇਸ ਬਾਰੇ ਖਬਰਦਾਰ ਵੀ ਕੀਤਾ ਸੀ। ਹੁਣ ਵੀ ਦੁਹਰਾਂਦਾ ਹਾਂ ਕਿ ਇਹ ਪੈਂਤੜਾ ਬਹੁਤ ਗ਼ਲਤ ਸੀ। ਇਹਦਾ ਬਹੁਤ ਭਾਰੀ ਨੁਕਸਾਨ ਹੋਇਆ। ਪਰ ਇਹਦਾ ਇਹ ਮਤਲਬ ਨਹੀਂ ਕਿ ਹਿੰਦੂ ਜਨੂੰਨੀ ਧਿਰ ਨੂੰ ਇਸ ਤੋਂ ਬਰੀ ਕੀਤਾ ਜਾ ਸਕਦਾ ਹੈ। ਇਸ ਧਿਰ ਦੀਆਂ ਬੱਜਰ ਗ਼ਲਤੀਆਂ ਨੇ ਵੀ ਪੰਜਾਬ ਦੇ ਹਾਲਾਤ ਨੂੰ ਵਿਗਾੜਨ ਵਿਚ ਹਿੱਸਾ ਪਾਇਆ ਹੈ: ਇਖ਼ਲਾਕੀ ਜੁਰਅਤ ਨਾਲ ਆਪਣੀਆਂ ਗ਼ਲਤੀਆਂ ਸਵੀਕਾਰ ਕਰਨੀਆਂ ਤੇ ਅੱਗੇ ਲਈ ਸਬਕ ਸਿਖਣਾ ਸਾਡੇ ਸਾਰਿਆਂ ਦਾ ਫਰਜ਼ ਹੈ:

o ਤੁਸੀਂ ਲਿਖਿਆ ਹੈ ਕਿ ਤੁਸੀਂ ਸੰਤਾਂ ਦੇ ਪੈਰਾਂ ਦੇ ਬਰਾਬਰ ਵੀ ਨਹੀਂ। ਜੇ ਤੁਹਾਡਾ ਇਹ ਕਥਨ ਮੇਰੇ ਲਈ ਹੈ ਤਾਂ ਮੈਂ ਸਮਝਦਾ ਹਾਂ ਕਿ ਮੈਂ ਵੀ ਆਪਣੀ ਜ਼ਿੰਦਗੀ ਦੇ 55 ਸਾਲ ਜਿਸ ਤਰ੍ਹਾਂ ਵਿਚਰਿਆ ਹਾਂ, ਕਿਸੇ ਦੇ ਸਿਰ ਤੋਂ ਉੱਚਾ ਤਾਂ ਨਹੀਂ, ਪਰ ਉੱਚੇ ਤੋਂ ਉੱਚੇ ਸਿਰ ਦੇ ਬਰਾਬਰ ਸਿਰ ਉੱਚਾ ਕਰਕੇ ਖਲੋਣ ਦਾ ਪੂਰਾ ਵਿਸ਼ਵਾਸ ਰਖਦਾ ਹਾਂ ਤੇ ਇਸ ਵਿਸ਼ਵਾਸ ਲਈ ਜਿਥੇ ਮੈਨੂੰ ਆਪਣੀ ਮਿੱਟੀ ਦੇ ਇਤਿਹਾਸ ਦੀ ਦੇਣ ਹੈ ਉਥੇ ਕਮਿਊਨਿਸਟ ਵਿਚਾਰ-ਧਾਰਾ ਦੀ ਵੀ ਵੱਡੀ ਦੇਣ ਹੈ। ਤੁਹਾਡੇ ਸ਼ਹੀਦ ਤੁਹਾਨੂੰ ਮੁਬਾਰਕ ਹੋਣ ਪਰ ਆਪਣੇ ਆਪ ਨੂੰ ਭਮੱਕੜ ਅਤੇ ਦੂਜਿਆਂ ਨੂੰ ਮੱਖੀਆਂ ਸਮਝਣਾ ਸਿਵਾਏ ਅਭਿਮਾਨ ਦੇ ਹੋਰ ਕੁਝ ਨਹੀਂ। ਤੁਹਾਡੇ ਇਸ ਅਭਿਮਾਨ ਦੀ ਕੀਮਤ ਪੰਜਾਬ ਤੋਂ ਬਾਹਰ ਸਿਖਾਂ ਨੂੰ ਬਹੁਤ ਦੇਣੀ ਪਈ ਹੈ। ਹੁਣ ਉਹਨਾਂ ਤੇ ਤਰਸ ਕਰੋ।

ਗੁਰਸ਼ਰਨ ਸਿੰਘ

## ਕੈਨੇਡਾ ਤੋਂ ਇਕ ਚਿੱਠੀ

ਭਾਅ ਜੀ 29 ਜਨਵਰੀ ਨੂੰ ਜਲੰਧਰ ਵਿਚ ਹੋਏ ਪ੍ਰੋਗਰਾਮ ਨੂੰ ਪੜ੍ਹ ਕੇ ਬਹੁਤ ਹੀ ਖੁਸ਼ੀ ਹੋਈ। ਪੜ੍ਹ ਕੇ ਇਸ ਤਰ੍ਹਾਂ ਲੱਗਿਆ ਕਿ ਜਿਵੇਂ ਅਸੀਂ ਉਸ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹੋਈਏ। ਇਸ ਤਰ੍ਹਾਂ ਦੇ ਪ੍ਰੋਗਰਾਮਾਂ ਬਾਰੇ ਪੜ੍ਹ ਕੇ (ਖਾਸ ਕਰਕੇ ਜਿਹਨਾਂ ਵਿਚ ਵੱਖ ਵੱਖ ਇਨਕਲਾਬੀ ਗਰੁਪਾਂ ਦੇ ਕਾਰਕੁੰਨ ਸਾਂਝੇ ਤੌਰ ਤੇ ਹਿੱਸਾ ਲੈਣ) ਸਾਨੂੰ ਬਿਦੇਸ਼ਾਂ ਵਿਚ ਬੈਠਿਆਂ ਨੂੰ ਬਹੁਤ ਉਤਸ਼ਾਹ ਅਤੇ ਖੁਸ਼ੀ ਮਿਲਦੇ ਹਨ। ਅਸੀਂ ਤਾਂ ਹਮੇਸ਼ਾਂ ਇਹੀ ਉਮੀਦ ਕਰਦੇ ਹਾਂ ਕਿ ਸਾਡੇ ਸਾਥੀ, ਜੋ ਕਿ ਭਾਰਤੀ ਇਨਕਲਾਬ ਲਈ ਆਪਣੀਆਂ ਜਾਨਾਂ ਦੇਣ ਲਈ ਤੱਤਪਰ ਤਿਆਰ ਰਹਿੰਦੇ ਹਨ, ਇੱਕਠੇ ਹੋ ਕੇ ਕੰਮ ਕਰਨ। ਅਸੀਂ ਉਸ ਦਿਨ ਦੀ ਉਡੀਕ ਵਿਚ ਹਾਂ ਕਿ ਜਦੋਂ ਸਾਡੇ ਦੇਸ਼ ਦੇ ਇਨਕਲਾਬੀਆਂ ਦਾ ਇਕ ਵੱਡਾ ਹਿੱਸਾ ਜਾਂ ਉਹ ਸਾਰੇ ਦੇ ਸਾਰੇ ਇਕ ਪਾਰਟੀ ਦੇ ਹੇਠ ਕੰਮ ਕਰਨਗੇ। ਕਈ ਵਾਰੀ ਇਨਕਲਾਬੀ ਗਰੁੱਪਾਂ ਦੇ ਮਤਭੇਦ ਸਾਨੂੰ ਭਾਰਤ ਤੋਂ ਹਜ਼ਾਰਾਂ ਮੀਲ ਦੂਰ ਬੈਠਿਆਂ ਨੂੰ ਕੋਈ ਐਨੇ ਵੱਡੇ ਨਹੀਂ ਲੱਗਦੇ ਕਿ ਜਿਹਨਾਂ ਕਾਰਨ ਵੱਖ ਵੱਖ ਜਥੇਬੰਦੀਆਂ ਵਿਚ ਕੰਮ ਕੀਤਾ ਜਾਵੇ।

ਭਾਅ ਜੀ ਸਾਨੂੰ ਸਾਰਿਆਂ ਨੂੰ ਤੁਹਾਡੇ ਉਤੇ ਬਹੁਤ ਮਾਣ ਹੈ। ਅਸੀਂ ਸਮਝਦੇ ਹਾਂ ਕਿ ਇਹ ਮਾਣ ਸਿਰਫ ਸਾਨੂੰ ਹੀ ਨਹੀਂ ਭਾਰਤ ਦੀ ਸਮੁੱਚੀ ਇਨਕਲਾਬੀ ਲਹਿਰ ਨੂੰ ਹੈ। ਤੁਸੀਂ ਇਕ ਬਹੁਤ ਹੀ ਇਤਿਹਾਸਕ ਰੋਲ ਅਦਾ ਕਰ ਰਹੇ ਹੋ। ਜੇ ਤੁਹਾਡੇ ਯਤਨਾਂ ਸਦਕਾ ਪੰਜਾਬ ਦੀ ਇਨਕਲਾਬੀ ਲਹਿਰ ਇਕਮੁੱਠ ਹੋ ਜਾਵੇ ਤਾਂ ਇਸਦਾ ਅਸਰ ਪੰਜਾਬ ਤੋਂ ਬਾਹਰ ਭੀ ਪਵੇਗਾ।

—ਹਰਿੰਦਰ ਮਾਹਲ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ।
ਵਰਸ਼ਿਕ ਚੰਦਾ *15* ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ *120* ਰੁਪਏ

## ਪਹਿਲੀ ਮਈ / ਤਰਸੇਮ ਰਾਣਾ

ਪਹਿਲੀ ਮਈ ਦਾ ਦਿਨ ਹੈ
ਜਾਗਣ ਦਾ, ਉੱਠਣ ਦਾ, ਖੜ੍ਹਨ ਦਾ, ਤੁਰਨ ਦਾ

ਅਸਾਂ, ਪਰਬਤ ਢੇਰੀ ਕੀਤੇ, ਚੋਟੀਆਂ ਸਰ ਕੀਤੀਆਂ
ਪਰ ਵਿਹੜਿਆਂ ਦੇ ਰੋੜ ਨਾ ਹੂੰਝੇ ਗਏ,
ਦਰਿਆਵਾਂ ਨੂੰ ਬੰਨ੍ਹ ਮਾਰੇ
ਪਿੰਡ-ਪਿੰਡ ਸ਼ਹਿਰ-ਸ਼ਹਿਰ ਰੌਸ਼ਨ ਕੀਤੇ
ਪਰ ਮੱਥਿਆਂ 'ਤੇ ਜੰਮੇ ਨ੍ਹੇਰੇ ਨਾ ਧੋ ਸਕੇ,
ਜੰਗਲ-ਬੇਲੇ ਸਾਫ਼ ਕੀਤੇ
ਬੰਜਰਾਂ ਆਬਾਦ ਕੀਤੀਆਂ
ਪਰ ਢਾਰਿਆਂ ਦੀ ਵੀਰਾਨੀ ਨਾ ਗਈ
ਉਹ ਕੌਣ ਸਨ —ਫੌਲਾਦੀ ਬਾਹਾਂ ਨੂੰ ਸਤ-ਹੀਣ ਕਰ ਗਏ
ਫਰਕਦੇ ਮਜ਼ਬੂਤ ਪੱਠਿਆਂ ਨੂੰ ਚਰੂੰਡ ਗਏ
ਤੇ ਅੱਜ ਅਸੀਂ ਸੜ-ਸੁੱਕ ਕੇ ਕਰੰਗ ਬਣ ਗਏ
ਸਖਤ ਖੰਘਰ ਹੱਥਾਂ, ਨੀਮ-ਨੀਲੀਆਂ ਨਾੜਾਂ
ਤਪ ਕੇ ਸੁਆਹ ਹੋਈ ਚਮੜੀ ਵਿਚ
ਕੋਸਾ-ਕੋਸਾ ਲਹੂ ਵਗਦਾ ਹੈ—ਜਿਸ ਦਾ ਰੰਗ ਲਾਲ ਹੈ ।
ਇਤਿਹਾਸ ਦੇ ਵਰਕਿਆਂ 'ਚ ਖੂਨ ਦੀ ਖੁਸ਼ਬੂ ਹੈ
ਜਦੋਂ ਵੀ ਲੁੱਟ ਦੇ ਝੱਖੜ ਤੇ
ਅੰਬਰੀਂ ਜਬਰ-ਜ਼ੁਲਮ ਦੇ ਬੱਦਲ ਛਾਏ
ਹਮੇਸ਼ਾਂ ਜੰਗ ਦੀ ਬਿਜਲੀ ਕੜਕੀ ਹੈ
ਤੇ ਕੁਆਰੀ ਧਰਤੀ ਦੇ ਸਿਆੜਾਂ ਵਿਚ
ਸਾਥੀਓ ! ਸਗਵਾਂ ਲਹੂ ਡੁੱਲ੍ਹਿਆ ਹੈ

ਆਓ ! ਉਮਰਾਂ ਦੀ ਸੁੱਕਦੀ ਜਾਂਦੀ ਫਸਲ ਨੂੰ
ਸੋਚਾਂ ਦੇ ਵਗਦੇ ਪਾਣੀਆਂ ਸੰਗ ਸਿੰਜੀਏ ।
ਵਿਸਰ ਗਏ ਮੌਸਮਾਂ ਦਾ ਲੇਖਾ-ਜੋਖਾ ਕਰੀਏ ।
ਬਦਲ ਰਹੀਆਂ ਰੁੱਤਾਂ ਦੀ ਨਬਜ਼ ਫੜੀਏ ।

o

## ਰੋਟੀ : ਇਕ ਸ਼ਾਹਕਾਰ / ਬਲਬੀਰ ਪਰਵਾਨਾ

ਸਿਰਫ਼ ਹਵਾ ਦੀ ਸ਼ਰਾਰਤ ਨਹੀਂ
ਗਲ ਕਿਤੇ ਨਾ ਕਿਤੇ ਰਿਸਦੇ ਨਸੂਰ ਵਰਗੀ ਹੈ
ਕੂਤਰਿਆ ਸਾਨੂੰ ਸਿਰ ਛੱਡੋ
ਵਗ 'ਚ ਭਗਦੜ ਬੇਮਤਲਬ ਨਹੀਂ ਹੁੰਦੀ
ਤੇ ਕੋਈ ਚੀਕ-ਬੁੱਲਬੁੱਲੀ ਉਠਦੀ ਹੈ
ਸੰਘ 'ਚ ਸੁਲਗਦੀ ਬਗਾਵਤ ਨੂੰ ਲੈ

ਉਂਜ ਰਾਜਧਾਨੀ ਦੀ ਪਾਰਲੀਮੈਂਟ ਹਰ ਰੋਹ ਦੇ ਝੱਖੜ 'ਤੇ
ਬੜਾ ਹੀ ਬੇਸ਼ਰਮ ਹਾਸਾ ਹਸਦੀ ਹੈ
ਧੰਦਾ ਕਰਦੀ ਔਰਤ ਜਿਹਾ
ਜਾਂ ਬਹਿਰੂਪੀਏ ਦੇ ਬਦਲਦੇ ਹਾਵਭਾਵਾਂ ਜਿਹਾ
ਤੇ ਬੋਲਦੀ ਹੈ ਤੋਤਾ-ਰਟਨ ਜਿਹਾ ਇਕ ਵਾਕ

'ਹਵਾ ਦੀ ਸ਼ਰਾਰਤ ਹੈ'

ਪਰ ਭੁਖ—ਸਿਰਫ਼ ਹਵਾ ਦੀ ਸ਼ਰਾਰਤ ਨਹੀਂ ਹੁੰਦੀ !
ਇਸ ਤੋਂ ਵਧੀਕ ਵੀ ਕੁਝ ਹੁੰਦੀ ਹੈ !!

ਤਣੇ ਹੋਏ ਮੁੱਕੇ ਤੋਂ ਗੁਰੀਲੇ ਦੀ ਬੈਰਲ ਤਕ ਪਹੁੰਚ
ਇਹ ਧਰਤੀ ਦੀ ਕੈਨਵਸ 'ਤੇ ਚਿੱਤਰ ਵਾਹੁੰਦੀ ਹੈ
ਰੱਜ ਕੇ ਰੋਟੀ ਖਾਣ ਦਾ

ਉਹ ਜਿਹੜੇ ਗਧੇ ਵਾਂਗ ਜ਼ਿੰਦਗੀ ਦਾ ਬੋਝ ਢੋ ਰਹੇ ਹਨ
ਪੀੜ੍ਹੀ ਦਰ ਪੀੜ੍ਹੀ—
ਰੋਟੀ ਉਹਨਾਂ ਲਈ
ਦੁਨੀਆਂ ਦਾ ਸਭ ਤੋਂ ਹੁਸੀਨ ਸ਼ਾਹਕਾਰ ਹੈ

ਇਹ ਸ਼ਾਹਕਾਰ ਚਿਤਰਿਆ ਹੀ ਜਾਣਾ ਹੈ,
ਮੈਂ ਨਾ ਸਹੀ, ਤੂੰ ਨਾ ਸਹੀ—ਕੋਈ ਹੋਰ ਹੋਵੇਗਾ
ਅਜ ਨਾ ਸਹੀ, ਭਲਕ ਸਹੀ ...ਜਾਂ ਪਰਸੋਂ...
ਇਹ ਹਰ ਹਾਲਤ ਚਿਤਰਿਆ ਹੀ ਜਾਣਾ ਹੈ

o

(ਵਿਸਾਖੀ ਨੂੰ ਸਮਰਪਤ ਇਕ ਖ਼ਤ)

## ਗੁਰੂ ਗੋਬਿੰਦ ਸਿੰਘ ਦੇ ਨਾਂ/ਸੁਖਦੇਵ ਸਿੰਘ ਮਾਹੀ

ਐ ਦਸਮੇਸ਼ ਪਿਤਾ
ਕਦੀ ਆ ਕੇ ਤਾਂ ਵੇਖ, ਤੇਰੇ ਵਤਨ ਦਾ ਹਾਲ
ਪਰ ਜਦੋਂ ਆਉਣਾ ਹੋਵੇ, ਹੁਣ ਤਲਵਾਰ ਨਹੀਂ
ਬਦੇਸ਼ੀ ਸਟੇਨਗਨ ਲੈ ਕੇ ਆਉਣਾ ।
ਕਿਉਂਕਿ ਅਜੋਕੇ ਸਮੇਂ ਦਾ,
ਬੀਤੇ ਸਮੇਂ ਨਾਲੋਂ ਕੋਹਾਂ ਦਾ ਫਰਕ ਏ,
ਤੁਹਾਡੇ ਸਮੇਂ ਮਸੰਦ ਘੱਟ, ਇਨਸਾਨ ਬਹੁਤੇ ਸਨ,
ਪਰ ਮਸੰਦ ਹੁਣ, ਤਾਰਿਆਂ ਦੀ ਤਰ੍ਹਾਂ ਨੇ,
ਇਨਸਾਨ ਤਾਂ ਆਪਣੇ ਵਿਚ ਲੂਣ ਬਰਾਬਰ ਨੇ,
ਬਦੇਸ਼ੀ ਸਟੇਨਗੰਨ, ਇਸ ਕਰਕੇ ਕਿਹਾ ਏ,
ਕਿਉਂਕਿ ਤੇਰੇ ਵਤਨ ਦੇ ਹਥਿਆਰਾਂ ਨੂੰ
ਬਦੇਸ਼ਾਂ ਵਲੋਂ ਬੇਕਾਰ ਕਰਾਰ ਦਿੱਤਾ ਹੋਇਆ ਏ
ਪਿਤਾ ਜੀ ! ਅੰਮ੍ਰਿਤ ਛਕਾਇਆ ਸੀ
ਜਿਸ ਬਾਟੇ ਵਿਚ, ਜਾਤ-ਪਾਤ ਦੀ ਥਾਂ ਇਨਸਾਨੀਅਤ ਦਾ
ਉਸੇ ਬਾਟੇ ਵਿਚ ਹੁਣ ਜ਼ਹਿਰ ਪਲਾਇਆ ਜਾਂਦਾ ਏ ।
ਜਿਸ ਦੇ ਸੇਵਨ ਨਾਲ ਇਨਸਾਨ ਵੀ ਸ਼ੈਤਾਨ ਬਣ ਗਏ ਨੇ ।
ਆ ਜਾ । ਸੁਣ ਲੈ ਹੁਣ, ਅਕਾਲ ਤਖ਼ਤ ਦੀ ਖਬਰ
ਜਿਥੋਂ ਤੁਸੀਂ ਐਲਾਨ ਕੀਤੇ ਸਨ, ਜਬਰ ਵਿਰੁਧ ਲੜਨ ਦੇ

ਹੁੰਦੇ ਨੇ ਐਲਾਨ ਉਥੋਂ ਹੁਣ, ਨਿਰਦੋਸ਼ਾਂ ਨੂੰ ਝਾੜਨ ਦੇ
ਜਿਥੇ ਬਾਜਾਂ ਨਾਲ ਭਿੜਨ ਦੀ, ਜਾਂਚ ਸਿਖਾਈ ਜਾਂਦੀ ਸੀ
ਉਥੋਂ ਹੁਣ ਚਿੜੀਆਂ ਨੂੰ ਤੋੜਨ ਦੇ ਬਲ ਸਿਖਾਏ ਜਾਂਦੇ ਨੇ
ਇਨਸਾਨੀਅਤ ਦੀ ਪਰਖ, ਤੁਸੀਂ ਤਾਂ

ਕਹੀ ਸੀ ਹੱਕ, ਸੱਚੀ ਤੇ ਲੜਨ ਵਾਲੇ
ਪਰ ਇਨਸਾਨੀਅਤ ਦੀ ਪਰਖ ਹੁਣ ਤਾਂ
ਸਿਰਫ ਟੋਪੀ ਤੇ ਪਗੜੀ ਖੜਨ ਵਾਲੇ ।

o

## ਮਜ਼੍ਹਬਪ੍ਰਸਤੀ / ਸੁਖਪਾਲ

ਅੱਜ ਨਾਦਰ ਨੇ ਦਿੱਲੀ ਦੀ ਕੁਖ ਚੋਂ ਜੰਮੇ
ਜੋ ਸ਼ਰ੍ਹੇਆਮ ਚੋਗਾ ਮਨੁੱਖਤਾ ਦਾ ਚੁਗ ਰਹੇ !
ਗੁਰਧਾਮਾਂ ਤੇ ਮੰਦਰਾਂ ਦੇ ਨੁਕਰੇ ਦੇ ਵਿਚੋਂ
ਧੜਾ ਧੜ ਔਰੰਗੇ ਅਬਦਾਲੀ ਨੇ ਉੱਗ ਰਹੇ !
ਇਹ ਕੈਸੀ ਬੀਜਾਈ ਇਹ ਕੈਸੀ ਫ਼ਸਲ
ਜੋ ਮਜ਼੍ਹਬ ਦੇ ਖੇਤ ਵਿਚ ਬੀਜੀ ਜਾ ਰਹੀ ਹੈ !!

ਇਹ ਕੈਸੇ ਗਿਆਨ ਦਾ ਝੁੰਬ ਮਾਰੀ
ਬਣ ਕੇ ਸ਼ੈਤਾਨ ਅਗਿਆਨ ਹੈ ਉੱਠਿਆ !
ਕਿ ਇਨਸਾਨ ਜੋ ਹੁੰਦਾ ਇਨਸਾਨ ਦਾ ਦਾਰੂ
ਇਨਸਾਨ ਨੂੰ ਮਾਰਨ ਇਨਸਾਨ ਹੈ ਉੱਠਿਆ !
ਇਹ ਕੈਸਾ ਹੈ "ਅੰਮ੍ਰਿਤ" ਜ਼ਹਿਰੋਂ ਵੱਧ ਜ਼ਹਿਰੀ
ਆਦਮ ਦੇ ਮਨ ਨੂੰ ਪਿਲਾਈ ਜਾ ਰਹੇ ਹੋ !!

ਇਹ ਜੋ ਸਾਂਝੇ ਆਸਮਾਨ ਨੂੰ ਢਾਅ ਕੇ
ਮੁੱਠੀ ਮੁੱਠੀ ਕਰਕੇ ਵੰਡਣਾ ਹੈ ਮੰਗਦਾ !
ਲੀਰਾਂ ਲੀਰਾਂ ਕਰਕੇ ਮਾਂ ਦਾ ਸਾਲੂ
ਕਿੱਕਰਾਂ ਕਰੀਹਾਂ ਤੇ ਟੰਗਣਾ ਹੈ ਮੰਗਦਾ !
ਇਹ ਕੈਸਾ ਵਿਚਾਰ ਇਹ ਕੈਸੀ ਹੈ ਸੋਚ
ਮਨੁੱਖ ਦੇ ਸਿਰ ਵਿਚ ਬੀਜੀ ਜਾ ਰਹੀ ਜੋ !!

ਇਹ ਕੈਸੀ "ਅਕਲ" ਜਿਸ "ਅਕਲ" ਦੀ ਕੁੱਖੋਂ
ਅਕਲ ਦੇ ਦੁਸ਼ਮਣ ਪੈਦਾ ਹੋ ਰਹੇ ਨੇ !
ਜੋ ਵੀਹਵੀਂ ਸਦੀ ਵਿਗਿਆਨ ਦੇ ਯੁਗ ਵਿਚ
ਜੰਗਲ ਤੋਂ ਵਹਿਸ਼ੀ ਸਭਿਅਤਾ ਬੋਅ ਰਹੇ ਨੇ !
ਇਨਸਾਨ ਦੇ ਲਹੂ ਸੰਗ ਖੁਦੀ ਦੀ ਫ਼ਸਲ
ਖੁਦਾਈ ਦੇ ਖੇਤ ਵਿਚ ਬੀਜੀ ਜਾ ਰਹੀ ਹੈ !!

ਇਹ ਸੂਰਜ ਨਾ ਹਿੰਦੂ ਇਹ ਸੂਰਜ ਨਾ ਸਿਖ
ਨਾ ਮਜ਼੍ਹਬਾਂ 'ਚ ਵੰਡ ਸਕੇ ਅੱਗ ਹਵਾ ਪਾਣੀ !
ਮਾਂ ਸਾਡੀ ਧਰਤੀ ਦਾ ਮਜ਼੍ਹਬ ਮਨੁੱਖਤਾ
(ਉਹ) ਮਜ਼੍ਹਬ ਕੀ ਜਿਸ ਮਾਨਵ ਦੀ ਕਦਰ ਨਾ ਜਾਣੀ !
ਇਹ ਦੇਵਤਿਆਂ ਤੇ ਗੁਰੂਆਂ ਦੀ ਪੂਜਾ ਕਰਨ ਵਾਲੇ
ਇਹ ਕਿਸ ਕਦਰ ਰਾਖ਼ਸ਼ ਹੁੰਦੇ ਜਾ ਰਹੇ ਨੇ !!

ਇਹ ਮਜ਼੍ਹਬ ਦੇ ਮਸੀਹੇ ਜਾਂ ਜੰਗਲ ਦੇ ਦਿਓ
ਜੋ ਮਾਨਵ ਨੂੰ ਜ਼ਿੰਦਾ ਜਲਾਈ ਜਾ ਰਹੇ ਨੇ ।
ਇਹ ਕੈਸੇ ਹਨ ਭਾਈ ਜੋ ਭੈਣਾਂ ਦੀ ਇੱਜ਼ਤ
ਆਪਣੇ ਹੀ ਹੱਥੋਂ ਲੁਟਾਈ ਜਾ ਰਹੇ ਨੇ !

ਇਹ ਸਾਹਾਂ ਦੀ ਪਿਆਸੀ ਜਨੂੰਨ ਦੀ ਹਵਾ
ਇਹ ਕੈਸੀ ਹਵਾ ਕਿਉਂ ਝੁਲਾਈ ਜਾ ਰਹੀ ਹੈ !!

ਔਹ ਸਾਮਰਾਜੀ ਪੂੰਜੀਪਤੀਏ ਲੁਟੇਰੇ
ਜੋ ਕਿਰਤ ਮਨੁੱਖ ਦੀ ਨੇ ਲੁੱਟੀ ਜਾਣਾ ਮੰਗਦੇ !
ਉਹ ਪਾੜ ਕੇ ਲੋਕਾਂ ਨੂੰ ਮਜ਼੍ਹਬਾਂ ਤੇ ਨਸਲਾਂ 'ਚ
ਭਾਈ-ਮਾਰ ਜੰਗਾਂ ਵਿਚ ਸੁੱਟੀ ਜਾਣਾ ਮੰਗਦੇ !
ਲੋਕਾਂ ਦੀਆਂ ਜਾਨਾਂ ਦੀ ਬਲੀ ਚੜ੍ਹਾ ਕੇ
ਲੁੱਟ ਦੀ ਇਹ ਗੱਦੀ ਬਚਾਈ ਜਾ ਰਹੀ ਹੈ !!

ਕੌਣ ਕਹਿੰਦਾ ਆਪਣੇ ਵਿਸ਼ਵਾਸ ਨੂੰ ਨਾ ਪੂਜੋ
ਉੱਠੋ ਲੋਕੋ ਆਪਣੇ ਵਿਸ਼ਵਾਸ਼ਾਂ ਤੋਂ ਖੜ੍ਹ ਕੇ !
ਵੱਖ ਵੱਖ ਮਜ਼੍ਹਬਾਂ ਦੀ ਪਾਉ ਐਸੀ ਜੋਟੀ
ਮਜ਼੍ਹਬਪ੍ਰਸਤੀ ਮਰੇ ਖੁਦਕਸ਼ੀ ਕਰਕੇ !
ਕਿਰਤੀ ਹਾਂ ਕਿਰਤ ਹੈ ਭਾਈਚਾਰਾ ਸਾਡਾ
ਏਸ ਭਾਈਚਾਰੇ ਦੀ ਰੱਖ ਵਿਖਾਈਏ !!

o

## ਨੌਜੁਆਨਾਂ ਨੂੰ ਵੰਗਾਰ / ਹਰਦੇਵ ਸਿੰਘ ਰਾਏਪੁਰ

ਮੋਗੇ ਦੀ ਧਰਤੀ ਦੋਸਤੋ, ਖੂਨ ਫਿਰ ਮੰਗਦੀ ਐ !
ਉਠੋ ਉਏ ਨੌਜੁਆਨੋ ! ਘੜੀ ਕਿਉਂ ਲੰਘਦੀ ਐ !!
ਮੋਗੇ ਦੀ ਧਰਤੀ ਦੋਸਤੋ...!!!

ਅਣਖ ਨੂੰ ਜਿਊਂਦਾ ਰੱਖ ਗਏ, ਗੂੰਜਣ ਉਹ ਬੋਲ ਪਏ,
ਸਿਦਕ ਨਾ ਹਾਰਿਆ ਉਨ੍ਹਾਂ, ਖੂੰਨ ਉਹ ਡੋਲ੍ਹ ਗਏ ।
ਰਹਿੰਦੀ ਉਹ ਅਮਰ ਜੁਆਨੀ, ਧਰਤੀ ਜੋ ਰੰਗਦੀ ਐ !
ਮੋਗੇ ਦੀ ਧਰਤੀ ਦੋਸਤੋ .... !

ਪਾ ਗਏ ਜੋ ਅਮਰ ਸ਼ਹੀਦੀ, ਮਾਵਾਂ ਦੇ ਲਾਲ ਉਏ ।
ਜਗਦੀ ਮਸ਼ਾਲ ਰੱਖਣੀ, ਗਏ ਜੋ ਬਾਲ ਉਏ ।
ਝਾਂਜਰ ਦੀ ਛਣਕ ਜੁਆਨੋ ! ਕਾਲਜੇ ਡੰਗਦੀ ਐ !
ਮੋਗੇ ਦੀ ਧਰਤੀ ਦੋਸਤੋ...!!

ਪਰਖ ਦੀ ਘੜੀ ਸੋਹਣਿਓ, ਫੇਰ ਮੁੜ ਆਈ ਐ ।
ਜਾਬ੍ਹਰਾਂ ਫੇਰ ਅਸਾਂ ਦੇ, ਸੀਨੇ ਅੱਗ ਲਾਈ ਐ ।
ਲਾਹਨਤ ਦੀ ਨਿਗ੍ਹਾ ਅਸਾਂ ਨੂੰ ਸੂਲੀ ਤੇ ਟੰਗਦੀ ਐ !
ਮੋਗੇ ਦੀ ਧਰਤੀ ਦੋਸਤੋ...!!

ਮਿਲੀਆਂ ਨੇ ਜਦੋਂ ਵੰਗਾਰਾਂ, ਜੁਆਨੀ ਨੇ ਝੱਲੀਆਂ ਨੇ ।
ਦੇ ਕੇ ਖੂਨ ਸਦਾ ਹੀ, ਮੰਜ਼ਲਾਂ ਫਿਰ ਮੱਲੀਆਂ ਨੇ ।
ਸਿਦਕ ਨੂੰ ਵੇਖ ਸਦਾ ਹੀ, ਜਾਬਰ ਰੂਹ ਕੰਬਦੀ ਐ !
ਮੋਗੇ ਦੀ ਧਰਤੀ ਦੋਸਤੋ...!!

ਮਾਫ ਨਾ ਕਦੇ ਕਰੂਗਾ, ਸੋਨੂੰ ਇਤਿਹਾਸ ਉਏ !
ਝਾਂਜਰ ਜੇ ਰਹੀ ਛਣਕਦੀ, ਬਣ ਜੋਗੇ ਲਾਸ਼ ਉਏ !!
ਕਾਹਤੋਂ ਹੁਣ ਦੱਸੋ ਜੁਆਨੀ, ਗੋਲੀ ਤੋਂ ਸੰਗਦੀ ਐ
ਮੋਗੇ ਦੀ ਧਰਤੀ ਦੋਸਤੋ, ਖੂਨ ਫਿਰ ਮੰਗਦੀ ਐ !!
ਮੋਗੇ ਦੀ ਧਰਤੀ ਹਾਣੀਓ...!!

o

ਕਹਾਣੀ

# ਖੇਰੂੰ ਖੇਰੂੰ

ਨਿੰਦਰ ਗਿੱਲ

"ਚੱਲ ਪੁੱਤ ਚੱਲ, ਚੱਲ ਨਿਮਾਣਿਆਂ ਓਅ ਹੇ ਓਅ ਚੱਲ ਸਾਲਿਆ ਭੈਣ ਦਿਆ ਇਨਸਪੈਕਟਰਾ ਬਾਬੂਆ ਕੰਜਰ ਕੜਾੜਾ ਬੱਚ-ਬੱਚ-ਬੱਚ ਪੁੱਤ ਉਏ—ਸਾਲਿਆਂ ਨੇ ਤਰਾਈ ਕਿੰਨੀ ਰੱਖਿਆ ਭਾਮੇ ਪਹੀਆ ਚੜ੍ਹ ਕੇ ਖੁਰ ਵੱਢੇ ਜਾਣ, ਚੱਲ ਪੁੱਤ ਚੱਲ।"

"ਬੱਲੇ ਲਾਹ ਲੈ ਬੱਲੇ ਬੌਲਦਾਂ ਦੇ ਜਰਾਬਾਂ ਪਾਈਆਂ ਹੋਈਆਂ ਨੇ ਕਿਤੇ, ਨੀ ਲੱਗਦੀ ਪੈਰ ਨੂੰ ਮਿੱਟੀ ਤੁਰ ਪੈਂਦੇ ਨੇ ਬਹੁ ਕੋਲੋਂ।"

"ਕੰਜਰ ਦੀ ਬੁੜ ਬੁੜ ਲਾਈ ਐ—ਮਾੜੀ ਜਿਹੀ ਡਰੈਵਰੀ ਸਿੱਖ ਕੇ ਹਰੇਕ ਲੱਲੀ ਛੱਲੀ ਲਿਬੜੇ ਆਲਾ ਬਣੀ ਫਿਰਦਾ ਖਬਰੇ ਠੁਡ ਸੋ ਮਿਲਦਾ ਖਬਰੇ ਨੀ ਖਿੱਚੀ ਫਿਰਦਾ ਪੀਪੇ ਨੂੰ—ਭੈਣ ਦਿਆ।"

"ਚੱਲ ਪੁੱਤ ਚੱਲ ਤੁਸੀਂ ਵੀ ਮਾੜੇ ਜੱਟ ਦੇ ਵੱਸ ਪੈਗੇ ਸੁਸਰੀ ਆਲੀ ਐ ਜੋਆਂ ਆਲੀ ਐ ਸਿੱਲੀ ਐ, ਮੈਂ ਪਾਣੀ ਛਿੜਕਤਾ ਉਤੇ ਵੀਹ ਧੁੱਪਾਂ ਲਗਾਈਆਂ ਨੇ ਮੀਂਹ ਸਾਲਾ ਕਿਤੇ ਬਿੰਦ ਬਹਿਣ ਨੀ ਦਿੰਦਾ।"

ਨਾਹਰ ਸਿੰਹੁ ਕਿੰਨਿਆਂ ਦਿਨਾਂ ਤੋਂ ਕਣਕ ਦਾ ਗੱਡਾ ਭਰੀ ਫਿਰਦਾ ਸੀ। ਕਦੇ ਇਸ ਮੰਡੀ ਕਦੇ ਉਸ ਮੰਡੀ ਮੀਂਹ ਨੇ ਅੱਡ ਲਹੂ ਪੀਤਾ ਹੋਇਆ ਸੀ। ਪਹਿਲਾਂ ਖੜੀਆਂ ਕਣਕਾਂ ਤੇ ਪੈ ਗਿਆ—ਹਟਣ ਦਾ ਨਾਂ ਹੀ ਨਾ ਲਵੇ, ਜਦੋਂ ਹਟਿਆ ਧੁੱਪ ਨਾ ਨਿਕਲੇ, ਧੁੱਪ ਨਿਕਲੀ ਖੜੀ ਕਣਕ ਨਾ ਸੁੱਕੇ, ਲੋਕਾਂ ਸਿਲ੍ਹੀ ਸਿਲ੍ਹੀ ਜਿਹੀ ਵੱਡ ਲਈ।

ਮੀਂਹ ਦਾ ਕਿਹੜਾ ਕੋਈ ਇਤਬਾਰ ਸੀ। ਦੋ ਦਿਨ ਹਟਦਾ ਤਿੰਨ ਦਿਨ ਪੈਂਦਾ ਰਹਿੰਦਾ ਸੀ। ਮੋਟੇ ਜਿਹੇ ਬੱਦਲਾਂ ਦਾ ਪਤਾ ਹੀ ਨਾ ਲੱਗਦਾ ਕਿਧਰੋਂ ਆਉਂਦੇ ਤੇ ਦਗੜ-ਦਗੜ ਕਰਕੇ ਮੀਂਹ ਪਾ ਜਾਂਦੇ।

ਲਾਣ ਸੁੱਕਦਾ ਫਿਰ ਗਿੱਲਾ ਹੋ ਜਾਂਦਾ। ਗਿੱਲੇ-ਸਿੱਲੇ ਲਾਣ ਮੱਲੋ-ਮੱਲੀ ਥਰੈਸ਼ਰਾਂ ਵਿਚ ਧੱਕੇ ਜਾਂਦੇ। ਕਦੇ ਥਰੈਸ਼ਰ ਦਾ ਪੱਖਾ ਟੁੱਟ ਜਾਂਦਾ, ਲਾਣ ਨੂੰ ਅੱਗ ਲੱਗ ਜਾਂਦੀ, ਕਦੀ ਲੋਡ ਪੈ ਕੇ ਮੋਟਰਾਂ ਸੜ ਜਾਂਦੀਆਂ, ਕਦੇ ਪਟਾ ਟੁੱਟ ਜਾਂਦਾ ਕਦੇ ਬੈਰਿੰਗ ਬਹਿ ਜਾਂਦੇ ਕੁਝ ਨਾ ਕੁਝ ਵਿਗੜਿਆ ਹੀ ਰਹਿੰਦਾ।

ਦਿਨ 'ਚ ਅੱਠ ਘੰਟੇ ਬਿਜਲੀ ਆਉਂਦੀ। ਉਹ ਵੀ ਲੰਗੇ ਡੰਗ। ਕਦੇ ਪਿਛੋਂ ਬੰਦ ਹੋ ਜਾਂਦੀ। ਕਦੇ ਫਿਊਜ਼ ਉੱਡ ਜਾਂਦਾ। ਕਿਤੇ ਤਾਰ ਟੁੱਟ ਜਾਂਦੀ ਕਿਤੇ ਖੰਭਾ ਗਿਰ ਪੈਂਦਾ। ਟਰਾਂਸਫਾਰਮ ਸੜ ਜਾਂਦਾ। ਇਕ ਵਾਰੀ ਬੰਦ ਹੋਈ ਬਿਜਲੀ ਦੋ ਦੋ ਦਿਨ ਨਾ ਮੁੜਦੀ। ਤੀਜੇ ਚੌਥੇ ਦਿਨ ਭਾਖੜੇ ਦਾ ਕੋਈ ਜਨਰੇਟਰ ਵਿਗੜਿਆ ਰਹਿੰਦਾ। ਥਰੈਸ਼ਰਾਂ ਵਾਲਿਆਂ ਹੋਰਨਾਂ ਦੀਆਂ ਕਣਕਾਂ ਤਾਂ ਕੀ ਕੱਢਣੀਆ ਸਨ ਆਪਣੀਆਂ ਹੀ ਪੂਰੀਆਂ ਨਾ ਪੈਂਦੀਆਂ।

"ਏਥੇ ਹੀ ਖੜਾਅ ਦਾਂ ਬਥੇਰੀ ਥਾਂ ਐ—ਛਾਂ ਵੀ ਰਹੇਗੀ ਬਲਦ ਤਾਂ ਰਾਮ ਨਾਲ ਬੈਠਣਗੇ ਪੁਲੋਂ ਪਾਰ ਕਿਹੜਾ ਜਾਊ ਮਗਰ ਕਣਕ ਸੁੰਨੀ ਪਈ ਆ" ਸੋਚ ਉਸਨੇ ਉਜੜੇ ਜਿਹੇ ਪਾਰਕ ਦੇ ਗੇਟ ਵੱਲ ਨੂੰ ਗੱਡਾ ਮੋੜਿਆ।

"ਜਿੰਦਾ ਲਾਇਆ ਝੋਟੇ ਦੇ ਸਿਰ ਜਿੱਡਾ ਗਾਹਾਂ ਜਿਵੇਂ ਕਾਰੂੰ ਦਾ ਖਜਾਨਾ ਪਿਆ ਹੁੰਦਾ" ਗੇਟ ਨੂੰ ਜਿੰਦਾ ਲੱਗਾ ਵੇਖ ਉਸ ਨੇ ਬੱਲਦ ਫੇਰ ਸਿੱਧੇ ਕਰ ਦਿੱਤੇ।

ਚਾਚਾ ਲੱਗਗੀ ਗੱਡਾ ਮੰਡੀ ਲਾਈ ਜਾਨਾਂ ਸਾਡਾ ਵੀ ਗੱਡਾ ਆਇਆ ਹੀ ਚਲੇਂਗਾ ਕਿ ਇਥੇ ਹੀ ਨੇ" ਕਿਸੇ ਪਾੜ੍ਹੂ ਮੁੰਡੇ ਨੇ ਗੱਡੇ ਦਾ ਬਿੱਡ ਫੜ ਸਾਂਈਕਲ ਦੀ ਟੱਲੀ ਵਜਾ ਕੇ ਕਿਹਾ।

"ਨਹੀ ਭਾਈ ਨੀ" ਨਾਹਰ ਸਿੰਹੁ ਦੇ ਮੂੰਹੋਂ ਆਪਣੇ ਆਪ ਨਿਕਲ ਗਿਆ। ਉਸ ਨੂੰ ਨਾ ਮੁੰਡੇ ਦੀ ਪਛਾਣ ਸੀ ਤੇ ਨਾ ਹੀ ਪਿਛੋਂ ਆਏ ਗੱਡੇ ਦੀ। ਸਾਰਾ ਦਿਨ ਖੇਤ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਹਨੇਰੇ ਹੋਏ ਘਰ ਵੜਦਾ ਤੇ ਹਨੇਰੇ ਹੋਏ ਹੀ ਘਰੋਂ ਨਿਕਲਦਾ। ਕੱਲੀ-ਕਾਰੀ ਜਾਨ ਨਾ ਸਾਂਝੀ ਰਲਾਉਣ ਜੋਗੀ ਹਿੰਮਤ। ਨਾ ਸਾਂਝੀ ਰੱਖ ਕੇ ਖੇਤੀ ਕਰਨ ਜੋਗੀ ਜ਼ਮੀਨ। ਕੱਲੇ ਤੋਂ ਖੇਤੀ ਖਿੱਲਰ ਖਿੱਲਰ ਜਾਂਦੀ।

ਨਵੀਂ ਪਨੀਰੀ ਦੀ ਤਾਂ ਉਸ ਨੂੰ ਉਕਾ ਹੀ ਪਛਾਣ ਨਹੀਂ ਸੀ। ਫੇਰ, ਪੜ੍ਹੂ ਮੁੰਡਿਆਂ ਦੀ ਜਿਹੜੇ ਪਿੰਡ ਘੱਟ ਤੇ ਸ਼ਹਿਰ ਜ਼ਿਆਦਾ ਰਹਿੰਦੇ। ਉਸ ਨੂੰ ਤਾਂ ਮੰਡੀ ਦੀ ਭੀ ਚੰਗੀ ਤਰ੍ਹਾਂ ਵਾਕਫੀ ਨਹੀਂ ਸੀ। ਕਦੇ ਇਨਸਪੈਕਟਰ ਆ ਜਾਂਦਾ ਕਦੇ ਸਬ-ਇਨਸਪੈਕਟਰ ਕਦੇ ਭਾਅ ਨੋਟ ਕਰਕੇ ਆਕਸ਼ਨ ਰਿਕਾਰਡ। ਕੱਚੇ ਪੱਕੇ ਆੜਤੀਏ ਹੋਰ। ਬਥੇਰੇ ਲੇਲੇ ਪੇਪੇ।

ਐਫ. ਸੀ. ਆਈ. ਦੀ ਖਰੀਦ, ਸਿਵਲ ਸਪਲਾਈ ਦੀ ਖਰੀਦ, ਮਾਰਕਫੈਡ ਦੀ ਖਰੀਦ, ਆੜਤੀਆਂ ਇਨਸ-ਪੈਕਟਰਾਂ ਦੇ ਵਾਕਫਾਂ ਦੀ ਖਰੀਦ, ਪਲੇਕਾਰਾਂ ਦੀ ਚੱਕਲੋ ਧਰਦੇ, ਛਣਾਈ ਵਾਲਿਆਂ ਦੇ ਪਰੇ ਕਰਦੇ ਉਰੇ ਕਰਦੇ ਦੇਖਦੇ ਦੇਖਦੇ ਕਾਟਾਂ ਕੱਟਣ ਵਾਲਿਆਂ ਨਾਲ ਵਾਧੂ ਦੀ ਮੈਂ-ਮੈਂ ਤੂੰ-ਤੂੰ—

ਸ਼ਹਿਰ ਆਏ ਨੂੰ ਘਰ ਦੇ ਹੋਰ ਸੌਦੇ ਪੱਤੇ ਬਾਰੇ ਤਾਂ ਸੋਚਣ ਦਾ ਵੇਹਲ ਹੀ ਨਾ ਮਿਲਦਾ।

ਅੱਗੇ ਨਾਹਰ ਸਿੰਹੁ ਖਾਤਰ ਮਾਮਲਾ ਸਿੱਧਾ ਸੀ। ਘਰਦਿਆਂ ਜੀਆਂ ਵਰਗਾ ਆੜਤੀਆ ਹੁੰਦਾ ਮਿੰਨਤ ਤਰਲਾ ਕਰਾ ਗਰਜ ਸਾਰ ਦਿੰਦਾ। ਨਵੀਂ ਪੰਜ ਤਿੰਨ ਨਾਲ ਉਸਨੂੰ ਆੜਤੀਏ ਨਾਲ ਲੈਣ ਦੇਣ ਸੌਖਾ ਲਗਦਾ। ਸਹਕਾਰੀ

ਸਹੂਲਤਾਂ ਉਸ ਨੂੰ ਵਿਪਤਾ ਹੀ ਲਗਦੀਆਂ ।

ਇਨਾਂ ਸਹੂਲਤਾਂ ਦੀ ਉਸ ਨੂੰ ਸਮਝ ਨਾ ਪੈਂਦੀ। ਭਾਵੇਂ ਕਦੇ ਕਦਾਈਂ ਪੰਚਾਇਤ ਨੇ ਸਪੀਕਰ ਤੇ ਲਾਏ ਰੇਡੀਉ ਤੇ ਚਲਣ ਦਿਹਾਤੀ ਪ੍ਰੋਗਰਾਮ ਸੁਣਦਾ ਰਹਿੰਦਾ ਪਟਵਾਰੀ ਦੇ ਮੱਲੋ ਮੱਲੀ ਖਿੱਚਣ ਤੇ ਨੁਮਾਇਸ਼ਾਂ ਪ੍ਰਦਰਸ਼ਨੀਆਂ ਵੀ ਵੇਖ ਆਉਂਦਾ ਅਜਿਹੇ ਕੰਮਾਂ ਖਾਤਰ ਉਸ ਨੂੰ ਘੱਟ ਹੀ ਵਿਹਲ ਮਿਲਦਾ ਪਰ ਪਟਵਾਰੀ ਦਾ ਕਿਹਾ ਭੀ ਨਾ ਮੋੜਿਆ ਜਾਂਦਾ ਜਿਹੜਾ ਨੁਮਾਇਸ਼ਾਂ ਪ੍ਰਦਰਸ਼ਨੀਆਂ ਦੀ ਜਬਰੀ ਗਿਣਤੀ ਵਧਾਉਣ ਖਾਤਰ ਉੱਤੋਂ ਆਈਆਂ ਹਦਾਇਤਾਂ ਦੀ ਪਾਲਣਾ ਕਰਦਾ ।

ਇਨ੍ਹਾਂ ਬਾਰੇ ਉਹ ਸ਼ੰਮੀ ਤੋਂ ਪੁੱਛਦਾ ਪਰ ਸ਼ੰਮੀ ਨੂੰ ਭੀ ਇਨਾਂ ਦੀ ਸਮਝ ਨਾ ਪੈਂਦੀ ਭਾਵੇਂ ਗਈ ਰਾਤ ਤੱਕ ਉਹ ਮੌਲਿਕ ਅਧਿਕਾਰ ਹਰ ਨਾਗਰਿਕ ਨੂੰ ਹਾਸਿਲ ਹਨ ਡੈਮੋਕਰੇਸੀ ਆਫ ਦੀ ਪਿਉਪਿਲ ਬਾਈ ਦੀ ਪਿਉਪਿਲ ਫਾਰ ਦੀ ਪਿਉਪਿਲ ਆਦਿ ਨੂੰ ਰੱਟੇ ਲਾਉਂਦਾ ਰਹਿੰਦਾ ।

"ਪਿਉਆਲਾ ਪੁਲ ਐ—ਚੋੜਾ ਹੋਈ ਜਾਂਦਾ, ਕਾਰ ਦੇ ਡਰਾਇਵਰ ਨੇ ਬੱਲਦਾਂ ਦੇ ਪੰਜਾਲੇ ਕੋਲ ਨੂੰ ਕਾਰ ਖੜੀ ਕਰਕੇ ਕਿਹਾ ।

ਨਾਹਰ ਸਿੰਹੁ ਨੇ ਕਚੀਚੀ ਜਿਹੀ ਵੱਟੀ, ਉਸਦਾ ਜੀ ਕਰੇ ਕਾਰ ਵਾਲੇ ਨੂੰ ਗਲੋਂ ਫੜ ਕੇ ਨਹਿਰ ਵਿਚ ਸੁੱਟ ਦੇਵੇ ਜਾਂ ਆਪ ਨਹਿਰ 'ਚ ਛਾਲ ਮਾਰੇ ।

"ਭੈਣ ਚੋ-ਪਰਾਣ ਨਹੀਂ ਨਿਕਲਦੇ, ਨਿੱਤ ਗੱਡੀਆਂ 'ਚ ਮਰਨ ਨਾਲੋਂ ਕੇਰਾਂ ਈ ਮਰਨਾ ਚੰਗਾ ।"

ਕਿੰਨੇ ਦਿਨ ਮੰਡੀਆਂ ਵਿਚ ਘੁੰਮਿਆ ਸੀ । ਫਸਲ ਲੱਗੀ ਵੇਖ ਸੋਚਿਆ ਸੀ ਕਿ ਐਤਕੀਂ ਮੁੰਡੇ ਨੂੰ ਜ਼ਰੂਰ ਕੋਰਸ ਕਰਨ ਲਾ ਦੇਵੇਗਾ । ਸ਼ੰਮੀ ਅਗੇ ਦੋ ਵਾਰੀ ਦਾਖਲੇ ਲਈ ਇੰਟਰਵਿਊ ਦੇ ਆਇਆ ਸੀ। ਦੋਵੇਂ ਵਾਰੀ ਸਲੈਕਟ ਭੀ ਹੋ ਗਿਆ । ਪਰ ਕਾਲਜ ਦੀਆਂ ਫੀਸਾਂ ਦਾਖਲੇ ਵੇਖ ਪਿਉ ਪੁੱਤ ਦਾ ਦਿਲ ਕੰਬ ਜਾਂਦਾ ਅੱਜ ਕੱਲ ਕਰਦੇ ਕਰਦੇ ਫੀਸ ਜਮਾ ਕਰਾਉਣ ਦੀ ਤਰੀਖ ਲੰਘ ਜਾਂਦੀ ।

"ਬਾਪੂ ਫੇਰ ਨੀਂ ਦਾਖਲਾ ਮਿਲਣਾ" ਮੁੰਡੇ ਨੂੰ ਵਧੰ ਰਹੀ ਮੈਰਿਟ ਦਾ ਫਿਕਰ ਖਾਈ ਜਾਂਦਾ ।

ਪਹਿਲੀ ਵਾਰੀ ਦੂਜੇ ਨੰਬਰ ਤੇ ਸੀ । ਦੂਜੀ ਵਾਰੀ ਪੰਚੀਵੇਂ, ਤੀਹਵੇਂ ਤੇ ਇਸ ਵਾਰੀ ਸ਼ਾਇਦ—ਪੁਲ ਟੱਪ ਕੇ ਉਸ ਨੇ ਆਲੇ ਦੁਆਲੇ ਨਜ਼ਰ ਘੁਮਾਈ ਤੇ ਬਲਦਾਂ ਦੇ ਰੱਸੇ ਖਿੱਚ ਲਏ ।

"ਥੱਲੇ ਲਾਹ ਕੇ ਖੜਾਅ ਲੈ ਗੱਡੇ ਭੇਡੇ ਦਾ ਪਤਾ ਨੀ ਲੱਗਦਾ ਜੰਤਾ ਉਈ ਅੰਨੀ ਹੋਈ ਫਿਰਦੀ ਐ" ਗੱਡੇ ਦੇ ਪਿੱਛੇ ਪੈਰਾਂ ਨੂੰ ਧਰਤੀ ਨਾਲ ਲੈ ਕੇ ਸਾਇਕਲ ਤੇ ਚੜ੍ਹੀ ਬੈਠੇ ਮੁੰਡੇ ਨੇ ਕਿਹਾ ਜਿਹੜਾ ਟਰੱਕ ਦੇ ਲੰਘਣ ਕਰਕੇ ਰੁੱਕ ਗਿਆ ਸੀ ।

ਸ਼ੰਮੀ ਵੀ ਕਹਿੰਦਾ ਸੀ । ਜਿਥੇ ਮੈਂ ਕੋਰਸ ਕਰੂੰ ਉਥੇ ਬੜੇ ਬੜੇ ਫੱਟਿਆਂ ਤੇ ਨਕਸ਼ੇ ਵਾਹਿਆ ਕਰੂੰ ਡਰੈਂਗ ਬੋਡਾਂ ਤੇ, ਮੁੰਡੇ ਕੋਲ ਡਰਾਇੰਗ ਬੋਰਡ ਦੇਖ ਕੇ ਉਸ ਨੂੰ ਸ਼ੰਮੀ ਦੇ ਬੋਲ ਯਾਦ ਆਏ ।

"ਵੇ ਭਾਈ ਕਿਥੇ ਲਈ ਆਉਨਾ ਗੱਡਾ ਪਿਛੇ ਮੋੜ ਲੈ" ਤੀਵੀਂ ਪੈਰ ਚੁੱਕ ਕੇ ਉਸ ਦੇ ਮਗਰ ਪੈਗੀ ।

"ਕੋਈ ਨਾ ਭਾਈ ਅਸੀਂ ਕਹਿੜਾ ਥਾਂ ਚੱਕ ਲੈਣੀਆ ਤੀਏ ਪਹਿਰ ਚਲੇ ਜਾਣਾ ।"

"ਨਾ-ਨਾ ਇਥੇ ਗੰਦ ਪਾ ਕੇ ਚਲੇ ਜਾਂਦੇਆ ਉਥੇ ਪਰੇ ਖੜਾ ਦੇ । ਪਰ੍ਹੇ ਧੁੱਪ ਐ—"

"ਲੋਕਾਂ ਦੇ ਵੀ ਤਾਂ ਖੜੇ ਨੇ —

ਸ਼ਹਿਰ ਜਿਹੜਾ ਕਹਿੰਦਾ ਬਸ ਮੇਰਾ ਰਾਜ ਹੀ ਆ ਸਾਡੀ ਤਾਂ ਪੈਣ ਚੋ ਸਾਰੀ ਉਮਰ ਈ ਚੌਧਰ ਝੱਲਦੇ ਦੀ ਹੀ ਲੰਘ ਗਈ । ਬੁੜ ਬੁੜ ਕਰਦੇ ਨੇ ਬਲਦਾਂ ਨੂੰ ਥੱਲਿਉ ਕੱਢ ਕੇ ਪੰਜਾਲੇ ਨਾਲ ਬੰਨਿਆ ਤੇ ਮੰਡੀ ਵੱਲ ਨੂੰ ਹੋ ਲਿਆ ।

"ਸਾਲੇ ਬਾਤ ਜਿਹੀ ਢੇਰੀ 'ਚ ਗੱਡ ਮਸ਼ੀਨ ਜਿਹੀ ਲਵੇ ਕਰ ਕਹਿ ਦੇਣਗੇ ਸਿੱਲੀ ਐ ਜੋਆਂ ਆਲੀ ਐ—ਸੁਸਰੀ ਆਲੀ ਐ ਖਰੀਦਨ ਜੋਗੀ ਨੀ ਸਾਲਿਉ ਦਾਣੇ ਨੂੰ ਪਰਖੋਂ ਸੁੰਘ ਕੇ ਦੇਖੋ, ਚੱਬ ਕੇ ਦੇਖੋ, ਰੰਗ ਦੇਖੋ ਇਨ੍ਹਾਂ ਬਾਬੂਆਂ ਨੂੰ ਕੀ ਪਤਾ ਕਿਹੜੀ ਮਾੜੀ ਐ ਕਿਹੜੀ ਚੰਗੀ ਐ ਸਾਲੇ ਪੋਥੀਆਂ ਪੜ ਕੇ ਕਣਕਾਂ ਖਰੀਦਣ ਲੱਗੇ—ਆਗੇ ਲਾਲੀਆਂ ਦੀ ਕੁੱਛੜਾਂ ਚੋਰ ਉਠਕੇ ਇਨਾਂ ਨਾਲੋਂ ਤਾਂ ਕੰਮੀਆਂ ਕਮੀਆਂ ਨੂੰ ਵੱਧ ਸਮਝ ਹੁੰਦੀ ਐ ਜੱਟਾ ਦੇ ਪੁੱਤ ਲਾਉ ਖਰੀਦਣ ਨੂੰ ਪਤਾ ਤਾਂ ਹੋਵੇ ਕਿਵੇਂ ਫਸਲ ਪਲਦੀ ਐ ਘੁੰਮਦੀ ਜਾਂਦੇ ਨੇ ਆਪਣੇ ਭਣੋਈਏ ਨੂੰ ਟੈਲੀਫੂਨਾਂ ਤੇ ਕਹੀ ਜਾਣਗੇ । ਖਰੀਦ ਲੀ ਖਰੀਦ ਲੀ, ਖਰੀਦ ਕਿਥੇ ਲਈ ਗਧੇ ਤਾਂ ਕਣਕ ਨੂੰ ਖਾਂਦੇ ਨੀ ।

"ਲੈ ਜੋ ਸਿਰਦਾਰ ਜੀ ਕਮੀਜ਼ ਕੇ ਲੀਏ ਕਪੜਾ" ਥੜੀ ਤੇ ਥਾਨ ਵਿਛਾਈ ਬੈਠੇ ਟੋਪੀ ਵਾਲੇ ਮੁਸਲਮਾਨ ਬਜਾਜੀ ਨੇ ਕਿਹਾ ।

ਉਸ ਨੇ ਆਪਣੀ ਕਮੀਜ਼ ਵੱਲ ਨਿਗਾਹ ਮਾਰੀ ।

ਸ਼ਮੀ ਦੇ ਬਾਪੂ ਲਾਹ ਦੇ ਏਸ ਚਮੜੇ ਜਿਹੇ ਨੂੰ ਗਲੋਂ, ਅੱਗੋਂ ਸ਼ੰਮੀ ਦੀ ਬੇਬੇ ਚੁੱਪ ਕਰ ਜਾਂਦੀ, ਉਸ ਨੂੰ ਪਤਾ ਸੀ, ਕਮੀਜ਼ ਤਾਂ ਇਕੋ ਹੈ, ਹੋਰ ਪਾਂਵੇਗਾ ਕਿਹੜੀ ।

"ਕਪੜਾ ਲਿਆ ਦੇ—ਸੀਂਦੂ ਮੈਂ ਆਪ ਈ ਚੁਬਾਰੇ ਆਲਿਆਂ ਦੀ ਮਸ਼ੀਨ ਤੇ" ਸ਼ੰਮੀ ਦੀ ਬੇਬੇ ਨੇ ਵਿਆਹ ਤੋਂ ਪਹਿਲਾਂ ਕਪੜੇ ਸਿਉਣੇ ਸਿੱਖ ਲਏ ਸਨ । ਪਰ ਗਰੀਬ ਮਾਪਿਆਂ ਤੋਂ ਤੋਰਨ ਲੱਗਿਆਂ ਧੀ ਨੂੰ ਕਪੜੇ ਸਿਉਣ ਦੀ ਮਸ਼ੀਨ ਨਾ ਦੇ ਹੋਈ ਤੇ ਨਾ ਹੀ ਉਨ੍ਹਾਂ ਤੋਂ ਖਰੀਦ ਹੋਈ ।

ਸਾਰੇ ਸਿਆਲ ਇੰਜਣ ਦੇ ਕਾਲੇ ਤੇਲ ਦੇ ਛਿੱਟੇ ਪੈ ਪੈ ਕਮੀਜ਼ ਆਪਣਾ ਅਸਲੀ ਰੰਗ ਗੁਆ ਬੈਠੀ ਸੀ। ਕਣਕ ਨੂੰ ਪਾਣੀ ਲਾਉਣ ਖਾਤਰ ਇੰਜਣ ਸਟਾਰਟ ਕਰਦੇ। ਪਰ ਪੁਰਾਣਾ ਇੰਜਣ ਸਟਾਰਟ ਹੋਣ ਦਾ ਨਾਂ ਹੀ ਨਾ ਲੈਂਦਾ। ਇੰਜਣ ਕੋਲ ਕਦੇ ਅੱਗ ਬਾਲਦੇ ਕਦੇ ਤੇਲ ਗਰਮ ਕਰਕੇ ਪਾਉਂਦੇ ਕਦੇ ਪਟਾ ਚੜ੍ਹਾ ਵੀਲ ਨੂੰ ਗੇੜੇ ਦਿੰਦੇ ਹੈਂਡਲ ਨਾਲ ਤਾਂ ਚਾਰ ਗੇੜੇ ਦੇ ਕੇ ਬਾਂਹ ਦੁਖਣ ਲੱਗ ਜਾਂਦੀ। ਨਾਹਰ ਸਿਉਂ ਬੋਰ ਕੋਲ ਦੀ ਪਹੀ ਤੇ ਲੰਘਦੇ ਲੋਕਾਂ ਨੂੰ ਹਾਕਾਂ ਮਾਰਦਾ। ਜਿਹੜਾ ਆ ਜਾਂਦਾ ਦਮ ਤੁੜਾ ਕੇ ਹੀ ਜਾਂਦਾ। ਲੋਕਾਂ ਉਸ ਦੇ ਬੋਰ ਕੋਲੋਂ ਲੰਘਣ ਦੀ ਥਾਂ ਫੇਰਾ ਪਾ ਕੇ ਲੰਘਣਾ ਸ਼ੁਰੂ ਕਰ ਦਿੱਤਾ ਸੀ। ਜੇ ਇੰਜਣ ਸਟਾਰਟ ਵੀ ਹੋ ਜਾਂਦਾ ਤਾਂ ਪੱਖਾ ਪਾਣੀ ਨਾ ਚੁੱਕਦਾ। ਕਦੇ ਬੋਰ ਵਿਚ ਪਾਣੀ ਪਾਉਂਦੇ ਕਦੇ ਪੱਖੇ ਦੀ ਹਵਾ ਕੱਢਦੇ।

ਗਲ ਵਿਚ ਪਈ ਕਮੀਜ਼ ਤੋਂ ਬੋ ਜਿਹੀ ਆਉਣ ਲੱਗ ਪਈ ਸੀ। ਅੱਜ ਕੱਲ ਕਰਦੇ ਕਰਦੇ ਗੱਲ ਹਾੜੀ ਤੇ ਆ ਕੇ ਰੁਕਦੀ।

"ਖੜ ਜੋ ਤੁਹਾਡੀ ਭੈਣ ਦੀ—" ਕਣਕ ਦੀ ਢੇਰੀ 'ਚੋਂ ਬੁੱਕ ਭਰਦੀਆਂ ਬੰਗਾਲਣਾਂ ਦੇ ਮਗਰ ਜੁੱਤੀ ਲੈ ਕੇ ਦੌੜਦਿਆਂ ਉਸ ਨੂੰ ਲੱਗਿਆ ਜਿਉਂ ਉਸ ਦੇ ਕਾਲਜੇ ਦਾ ਰੁੱਗ ਭਰਿਆ ਹੋਵੇ।

"ਤੂੰ ਦੇਖਣਾ ਤੀ—ਮੇਰੇ ਆਰ—" ਉਸ ਨੇ ਨਾਲ ਦੀ ਢੇਰੀ ਵਾਲੇ ਨੂੰ ਕਿਹਾ।

"ਐਥੇ ਕੀ ਪਤਾ ਲੱਗਦਾ ਕੱਤਕ ਦੇ ਮੁਏ ਦਾ" ਨਾਲ ਦੀ ਢੇਰੀ ਵਾਲਾ ਆਪਣੀ ਢੇਰੀ ਸੁਆਰਨ ਲੱਗਾ।

"ਬੋਲੀ ਕਿਹੜਾ ਮਾਜਰੇ ਹੁੰਦੀ ਐ" ਕਹਿ ਉਹ ਕਣਕ ਦੇ ਕੋਲ ਥੱਲੇ ਬਹਿ ਗਿਆ।

ਇਸ ਵਾਰੀ ਪਿਉ ਪੁੱਤਰ ਨੇ ਤਾਂ ਕੋਈ ਕਸਰ ਨਹੀਂ ਸੀ ਛੱਡੀ। ਡੱਟ ਕੇ ਵਾਹੀ ਕੀਤੀ। ਨਿੱਕੇ ਨੂੰ ਭੀ ਨਾਲ ਧੂਹਿਆ। ਇਸ ਸਾਲ ਫਸਲ ਭੀ ਸਾਰਿਆਂ ਸਾਲਾਂ ਨਾਲੋਂ ਭਰਵੀਂ ਲੱਗੀ ਸੀ। ਕਰਜਾ ਭੀ ਕੋਈ ਨਹੀਂ ਸੀ। ਛੁੱਟ ਛੇ ਸੱਤ ਸੌ ਦੀ ਤਕਾਵੀ ਦੀ ਕਿਸ਼ਤ ਦੇ।

ਪੰਜ ਕਿੱਲੇ ਭਰੀ ਕਣਕ ਦੇ। ਸੋਲ੍ਹਾਂ ਕੁਵਿੰਟਲ ਦੇ ਹਿਸਾਬ ਨਾਲ ਅੱਸੀ ਕੁਵਿੰਟਲ। ਇਕ ਸੌ ਪੰਜ ਦੇ ਹਿਸਾਬ ਨਾਲ। ਅੱਠ ਹਜ਼ਾਰ ਤੋਂ ਉਪਰ ਹੀ। ਨਾਲੇ ਮੁੰਡਾ ਕੋਰਸ ਕਰੂ। ਨਾਲੇ ਘਰੋਂ ਸੌਖੇ।

ਪਰ ਬੇ-ਮੌਸਮੇ ਪਏ ਮੀਂਹ ਨੇ ਅਸਾਂ ਦੇ ਕੋਲ ਫੁੱਲਾਂ ਨੂੰ ਟਾਹਣੀਉਂ ਤੋੜ ਦਿੱਤਾ। ਹੌਂਸਲਾ ਜੰਗਾਲਿਆ ਗਿਆ। ਗੜ੍ਹਿਆਂ ਨੇ ਰਹਿੰਦੀ ਖੂੰਹਦੀ ਆਸ ਭੀ ਮੁਕਾ ਦਿੱਤੀ।

ਮਸੀਂ ਤੀਹ ਕਵਿੰਟਲ ਦੇ ਨੇੜੇ ਨੇੜੇ ਕਣਕ ਹੋਈ। ਉਹ ਭੀ ਉਨ੍ਹਾਂ ਦੀ ਹਿੰਮਤ ਸਦਕਾ। ਜੇ ਹਿੰਮਤ ਨਾ ਕਰਦੇ ਸ਼ਾਇਦ ਆਹ ਭੀ ਨਾ ਹੁੰਦੀ।

"ਮਾਂਰੋ—ਹੁਣ ਬਥੇਰਾ ਚਮਕੀ ਜਾਂਦਾ—" ਸਿਰ ਖੁਰਕਦੇ ਦੀ ਪੱਗ ਮੋਢਿਆਂ ਤੇ ਗਿਰ ਗਈ।

"ਬਾਪੂ—ਨੀਲੀ ਪੱਗ ਵੈਲ ਦੀ—ਲੈ ਕੇ ਆਈਂ—ਮਾਸਟਰ ਪੁੱਠੇ ਹੱਥ ਕਰਕੇ ਬੈਂਤਾਂ ਮਾਰਦਾ—ਕਹਿੰਦਾ ਪੂਰੀ ਵਰਦੀ ਪਾ ਕੇ ਆਉ" ਨਿੱਕੇ ਦੀ ਨੀਲੀ ਪੱਗ ਦੀ ਆਸ ਟੁੱਟਦੀ ਵਿਖਾਈ ਦੇ ਰਹੀ ਸੀ।

ਆਸ ਤਾਂ ਉਦੋਂ ਹੀ ਟੁੱਟ ਟੁੱਟ ਜਾਂਦੀ ਸੀ, ਜਦੋਂ ਗੱਡਾ ਮੰਡੀਉਂ ਘਰ ਮੁੜ ਆਇਆ ਸੀ। ਗੱਡਾ ਸ਼ਾਇਦ ਨਾ ਮੁੜਦਾ, ਜੇ ਉਹ ਗ਼ਲਤੀ ਨਾ ਕਰਦਾ। ਪਰ ਉਹ ਕਰਦਾ ਭੀ ਕੀ। ਉਹ ਤਾਂ ਅੱਕਿਆ ਫਿਰਦਾ ਸੀ। ਪਹਿਲੇ ਦਿਨ ਕਣਕ ਲਿਆਇਆ। ਉਸ ਦਿਨ ਮੰਡੀ ਹੜਤਾਲ ਸੀ। ਆੜ੍ਹਤ ਵਧਾਉਣ ਦਾ ਚੱਕਰ ਸੀ। ਉਸ ਕਿਸੇ ਆੜ੍ਹਤੀ ਕੋਲ ਕਣਕ ਰੱਖਣੀ ਚਾਹੀ। ਪਰ ਕੋਈ ਨਾ ਮੰਨੇ। ਉਸ ਦੇ ਆੜ੍ਹਤੀਏ ਨੇ ਕਿਸੇ ਹੋਰ ਸ਼ਹਿਰ ਦੁਕਾਨ ਪਾ ਲਈ ਸੀ। ਜਿਹੜੇ ਆੜ੍ਹਤੀਏ ਪਹਿਲਾਂ ਸਰਦਾਰ ਜੀ ਸਰਦਾਰ ਜੀ ਕਹਿ ਕੇ ਹਾਕਾਂ ਮਾਰਿਆ ਕਰਦੇ ਸਨ ਹੁਣ ਸਿੱਧੇ ਮੂੰਹ ਗੱਲ ਨਾ ਕਰਦੇ। ਉਸ ਨੇ ਇਕ ਨੂੰ ਮਸੀਂ ਕਰਾਇਆ ਦੇ ਕੇ ਕਣਕ ਅੰਦਰ ਰਖਾਈ। ਦੂਜੇ ਦਿਨ ਆਇਆ ਤਾਂ ਕੋਈ ਸਿੱਧੇ ਮੂੰਹ ਗੱਲ ਹੀ ਨਾ ਕਰੇ।

ਲਾਖਾ ਜਿਹਾ ਮੂੰਹ, ਤੇ ਮਾਤਾ ਦੇ ਦਾਗਾਂ ਵਾਲਾ ਇਨਸਪੈਕਟਰ ਉਸ ਨੂੰ ਭੱਜ ਭੱਜ ਪਵੇ। ਜਿਵੇਂ ਇਲਾਕੇ ਦਾ ਹਾਕਮ ਹੁੰਦਾ।

"ਉਏ ਅਸੀਂ ਮਾੜੀ ਕਣਕ ਖਰੀਦ ਕੇ ਸਰਕਾਰ ਨੂੰ ਘਾਟਾ ਪਾਉਣੈ। ਸਰਕਾਰ ਸਾਨੂੰ ਤਨਖਾਹਾਂ ਕਾਹਦੀਆਂ ਦਿੰਦੀ ਐ। ਬਿਗਾਨੇ ਪੁੱਤ ਸਸਪੈਂਡ ਕਰਨ ਨੂੰ ਚਿਰ ਨੀ ਲਾਉਂਦੇ।"

ਉਸ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਬਈ ਸਰਕਾਰ ਚਾਹੁੰਦੀ ਕੀ ਅਤੇ ਕਹਿੰਦੀ ਕੀ ਹੈ। ਉਸ ਦੇ ਸਾਹਮਣੇ ਉਸ ਦੀ ਕਣਕ ਨਾਲੋਂ ਭੀ ਨਿਕੰਮੀਆਂ ਕਣਕਾਂ ਲੱਗੀ ਜਾ ਰਹੀਆਂ ਸਨ। ਕੋਈ ਬੰਦਾ ਚੈਕ ਕਰਨ ਨਹੀਂ ਸੀ ਆ ਰਿਹਾ।

ਮਿਨਤਾਂ ਕਰਦੇ ਕਰਦੇ ਦੇ ਮੂੰਹੋਂ ਗਾਲ੍ਹ ਨਿਕਲ ਗਈ। ਫੇਰ ਕੀ ਸੀ। ਹੇਠਲੀ ਉੱਤੇ ਹੋ ਗਈ। ਕਣਕ ਤਾਂ ਕਿਹੜੇ ਭੜੂਏ ਨੇ ਖਰੀਦਣੀ ਸੀ!

ਸ਼ਮੀ ਨੇ ਅੰਗਰੇਜ਼ੀ ਬੋਲ ਆਪਣੀ ਲਿਆਕਤ ਜਮਾਉਣੀ ਚਾਹੀ। ਇਨਸਪੈਕਟਰ ਉਸ ਨੂੰ ਭੱਜ ਕੇ ਪਿਆ।

"ਜਾਹ ਉਏ ਘਰੇ ਪਿਉ ਨਾਲ ਅੰਗਰੇਜ਼ੀ ਬੋਲਿਆ ਕਰ।"

ਮੁੰਡਾ ਰੋਣਹਾਕਾ ਜਿਹਾ ਹੋ ਗਿਆ। ਉਸ ਦਾ ਚਿੱਤ ਕਰੇ ਕਿੱਲੋ ਦਾ ਵੱਟਾ ਚੁੱਕ ਇਨਸਪੈਕਟਰ ਦੇ

ਸਿਰ 'ਚ ਮਾਰੇ । ਪਰ ਵਜਿਆ ਨਾ ।

ਘਰ ਆ ਕੇ ਪਿਉ ਨਾਲ ਜ਼ਰੂਰ ਖਹਿਬੜਿਆ । ਜਿਹਨੇ ਮੁਫ਼ਤ 'ਚ ਬੇਇੱਜ਼ਤੀ ਕਰਾਂ ਦਿੱਤੀ ਸੀ । ਮੁੜ ਗੱਡੇ ਨਾਲ ਨਾ ਤੁਰਿਆ ਮਾਂ ਬਥੇਰਾ ਸਮਝਾ ਥੱਕੀ । ਉਸ ਨੂੰ ਤਿਹਾਅ ਜਿਹੀ ਲੱਗੀ । ਉਸ ਨੇ ਆਲੇ ਦੁਆਲੇ ਵੇਖਿਆ, ਪਰ ਕਿਤੇ ਨਲਕਾ ਟੂਟੀ ਨਾ ਵਿਖਾਈ ਨਾ ਦਿੱਤਾ ।

"ਸਾਲੇ ਸੜਕਾਂ ਦੁਆਲੇ ਫੁੱਲ ਬੂਟੇ ਬਥੇਰੇ ਲਵਾਈ ਜਾਣਗੇ—ਐ ਨੀ ਬਈ—ਦੋ ਨਲਕੇ ਲੁਆ ਦਈਏ—ਕੋਈ ਪਸ਼ੂ ਦਰਵੇਸ਼ ਪਾਣੀ ਈ ਪੀ ਲੈਂਦਾ—" ਉਹ ਥਾਂ ਹੀ ਬਹਿ ਗਿਆ ।

ਸੂਰਜ ਬੱਦਲਾਂ 'ਚੋਂ ਨਿੱਕਲ ਕੇ ਫੇਰ ਚਮਕਣ ਲੱਗਾ । ਉਹ ਖੜ੍ਹਾ ਹੋਇਆ ਸਾਹਮਣੇ ਉਹਨਾਂ ਦੇ ਜੱਦੀ ਪੁਸ਼ਤੀ ਆੜਤੀਏ ਗੁਜਰ ਮੱਲ ਦੀ ਹੱਟੀ 'ਚ ਪੱਖਾ ਝਲ ਰਿਹਾ ਸੀ । ਗੁੱਜਰ ਮੱਲ ਦਾ ਮੁੰਡਾ ਰਮੇਸ਼ ਤਕੜੇ ਜੱਟਾਂ ਤੇ ਇਨਸਪੈਕਟਰਾਂ ਨਾਲ ਬੈਠਾ ਗੱਪਾਂ ਮਾਰ ਰਿਹਾ ਸੀ । ਕਦੇ ਚਾਹ ਮੰਗਦਾ ਕਦੇ ਸੋਡਾ ।

"ਸਾਲੀ ਸਤਮਾਹੇ ਦੀ ਪੈਦਾਵਾਰ ਰਮੇਸ਼ ਪੈਰ ਨੀ ਲੱਗਣ ਦੇਂਦਾ । ਅਜੇ ਕਲ੍ਹ ਨਲੀ ਵਗਦੀ ਹੁੰਦੀ ਭੀ ।"

ਗੁੱਜਰ ਮੱਲ ਆੜਤੀਏ ਦਾ ਮੁੰਡਾ ਉਸ ਦੇ ਹੱਥਾਂ 'ਚ ਜੰਮਿਆ ਸੀ । ਨਾ ਸ਼ਕਲ ਨਾ ਸੂਰਤ । ਰੋਟੀ ਖਾਣ ਲਗਿਆ, ਨਹਾਉਣ ਲਗਿਆ, ਸਕੂਲ ਜਾਣ ਲੱਗਿਆ । ਰੀਂ ਰੀਂ ਕਰਿਆ ਕਰੇ । ਸ਼ਮੀ ਤੋਂ ਚਾਰ ਸਾਲ ਬੜਾ । ਪਰ ਅਠਵੀਂ 'ਚ ਸ਼ਮੀ ਦੇ ਨਾਲ ਰਲ ਗਿਆ ।

"ਮੈਂ ਤਾਂ ਸਾਲੇ ਨੂੰ ਬੋਰਡ 'ਚੋਂ ਵੀ ਪਾਸ ਕਰਾਦਿਆਂ । ਹਜ਼ਾਰ ਖੰਡ ਖਰਚ ਕੇ । ਸਾਲਾ ਰੂਹ ਨਾਲ ਸਕੂਲੇ ਤਾਂ ਜਾਏ ।" ਗੁੱਜਰ ਮੱਲ ਇਹ ਕਹਿੰਦਾ ਕਹਿੰਦਾ ਹੀ ਮਰ ਗਿਆ ।

ਪਿਉ ਪਿਛੋਂ ਮਰਿਆ । ਪੁੱਤ ਨੇ ਆੜਤੀਏ ਦੀ ਗੱਦੀ ਪਹਿਲਾਂ ਸੰਭਾਲ ਲਈ । ਸਕੂਲ ਵੇਲੇ ਨਿਰਾ ਮਿੱਟੀ ਰਮੇਸ਼ ਜੱਟਾਂ ਨਾਲ ਤਿੰਨ ਪੰਜ ਕਰਨ ਨੂੰ ਪਿਉ ਨਾਲੋਂ ਭੀ ਦੋ ਦਰਜੇ ਅੱਗੇ ਨਿਕਲਿਆ । ਮਾੜੇ ਮੋਟੇ ਜੱਟ ਦੀ ਤਾਂ ਸਾਸਰੀਕਾਲ ਦਾ ਜੁਆਬ ਨਾ ਦਿੰਦਾ। ਤਕੜੇ ਜ਼ਿਮੀਦਾਰਾਂ ਮਗਰ ਜੀ ਜੀ ਕਰਦਾ ਫਿਰਦਾ ।

"ਜੱਟਾਂ ਦੇ ਪੁੱਤ ਨਾ ਘਰੇ ਤੇਜ਼ ਨਾ ਬਾਹਰ ਤੇਜ਼" ਨਾਹਰ ਸਿਹੁੰ ਦੇ ਮੂੰਹੋਂ ਮੱਲੋ ਮੱਲੀ ਨਿਕਲ ਗਿਆ ।

"ਲਿਖਦੇ ਬਈ ਇਕ ਸੌ ਅੱਠ ਲੱਗ ਗੀ—ਚੱਲੋ ਅੱਗੇ—" ਇਕ ਢੇਰੀ ਡੱਡ ਕੇ ਉਸ ਤੋਂ ਅਗਲੀ ਢੇਰੀ ਕੋਲ ਖਲੋਤਾ ਇਨਸਪੈਕਟਰ ਕਣਕ ਦੇ ਦਾਣੇ ਪਰਖ ਰਿਹਾ ਸੀ ।

"ਹੋ ਜਾ ਜੱਟਾ ਤੂੰ ਵੀ ਤਿਆਰ—ਆਰੀ ਵਾਰੀ—" ਉਸ ਦੇ ਨਾਲ ਦੇ ਨੇ ਕਿਹਾ ।

"ਉਏ ਅਸੀਂ ਕਾਹਦੇ ਜੱਟ ਰਹਿ ਗਏ" ਮੰਡੀਆਂ ਵਿਚਲੀ ਬੇ-ਕਦਰੀ ਨੇ ਤਾਂ ਉਸ ਵਿਚਲਾ ਜੱਟਪੁਣਾ ਵੀ ਮਾਰ ਦਿਤਾ ।

ਸ਼ਾਹ ਜੀ "ਸ਼ਾਹ ਜੀ ਮਖਾਂ—ਮੇਰੀ ਵੀ ਲਾ ਦੋ—ਜਿਵੇਂ ਹੁੰਦੀ ਐ ਹੇਠ ਉੱਤੇ—" ਰਮੇਸ਼ ਦੇ ਅੱਗੇ ਜਿਹੇ ਨੂੰ ਹੋ ਕਿਹਾ । ਰਮੇਸ਼ ਨੂੰ ਸ਼ਾਹ ਜੀ ਕਹਿੰਦੇ ਨੂੰ ਅਲਕਤ ਜਿਹੀ ਭੀ ਆਈ ।

ਦੇਖਦੇ ਆਂ ਦੇਖਦੇ ਆਂ—ਅਜੇ ਇਨਸਪੈਕਟਰ ਬਿੱਜੀ ਨੇ— "ਕੀ ਬਿੱਜੀ ਪੈ ਗੀ—" ਸੋਚ ਉਹ ਫੇਰ ਢੇਰੀ ਕੋਲ ਬੈਠ ਗਿਆ ।

ਉਸ ਨੂੰ ਜਾਪਦਾ ਜਿਵੇਂ ਮੰਡੀ ਦੇ ਸਾਰੇ ਲਾਲੇ ਕੋਰੇ ਜਿਹੇ ਗਏ ਨੇ । ਬਸ ਪੈਸੇ ਦੀ ਲੈਣ ਦੇਣ ਵਾਲੀ ਗੱਲ ਕਰਦੇ ਨੇ । ਕੋਈ ਸੁੱਖ ਦੀ ਨੀ, ਕੋਈ ਸਾਂਦ ਦੀ ਨੀ।

ਉਸ ਨੂੰ ਜਾਪਦਾ ਜਿਵੇਂ ਉਹ ਭੀ ਖੁਸ਼ਕ ਜਿਹਾ ਹੋ ਗਿਆ ।

ਮੱਲੋ ਮੱਲੀ ਉਸ ਦੇ ਮੂੰਹ ਤੇ ਨਹੀਂ ਆਉਂਦੇ । ਅੱਗੇ ਮੰਡੀ ਵਿਚ ਆ ਕੇ ਇਸ ਤਰ੍ਹਾਂ ਲਗਦਾ ਜਿਵੇਂ ਆਪਣੇ ਹੀ ਘਰ ਫਿਰ ਰਿਹਾ ਹੋਵੇ ।

ਹੁਣ ਪਤਾ ਨਹੀਂ ਕਿਉਂ ਉਸ ਨੂੰ ਮੰਡੀ ਓਪਰੀ ਓਪਰੀ ਜਿਹੀ ਲੱਗਣ ਲੱਗ ਪਈ ਸੀ । ਭਾਵੇਂ ਨਿੱਕੇ ਹੁੰਦੇ ਦਾ ਮੰਡੀ ਨਾਲ ਵਾਹ ਪਿਆ ਹੋਇਆ ਸੀ । ਪਹਿਲੀ ਵਾਰੀ ਕਣਕ ਦੇ ਭਰੇ ਹੋਏ ਗੱਡੇ ਤੇ ਜੁਲੀਆਂ ਵਿਚ ਲੁਕ ਕੇ ਆਇਆ ਸੀ । ਬਾਪੂ ਤੋਂ ਚੋਰੀ ਹੀ ਰਾਤ ਨੂੰ ਗੱਡੇ ਤੇ ਪੈ ਗਿਆ ਸੀ । ਬਾਪੂ ਨੂੰ ਉਦੋਂ ਪਤਾ ਲੱਗਾ ਜਦੋਂ ਮੰਡੀ ਪੁੱਜ ਗਿਆ । ਸ਼ਹਿਰ ਦੀਆਂ ਰੰਗ ਬਰੰਗੀਆਂ ਦੁਕਾਨਾਂ ਵੇਖ ਬੋਸਕੀ ਦੇ ਝੱਗੇ ਖਾਤਰ ਜ਼ਿੱਦ ਕਰਨ ਲੱਗਾ । ਵਾਹ ਚਲਦੀ ਨਾ ਵੇਖ ਉੱਚੀ ਉੱਚੀ ਰੋਣ ਲੱਗ ਪਿਆ । ਉੱਚੀ ਉੱਚੀ ਰੋਂਦੇ ਦੇ ਬਾਪੂ ਦੋ ਜੜ ਦਿੱਤੀਆਂ । ਫੇਰ ਆਪ ਹੀ ਗਲ਼ੀ ਵਾਲਾ ਪੈਸਾ ਲੈ ਕੇ ਉਸਨੂੰ ਚੁੱਪ ਕਰਾਉਣ ਲੱਗ ਪਿਆ । ਗਲੀ ਵਾਲਾ ਪੈਸਾ ਲੈਕੇ ਉਸ ਨੂੰ ਸਮਝ ਨਾ ਲੱਗੇ : ਹੱਸੇ ਕਿ ਰੋਵੇ । ਫਿਰ ਇਹੋ ਹਾਲ ਅੱਗੇ ਸ਼ਮੀ ਦਾ ਹੋਇਆ । ਸ਼ਮੀ ਨੂੰ ਭਾਵੇਂ ਗਲੀ ਵਾਲੇ ਪੈਸੇ ਥਾਂ ਚੁਆਨੀ ਮਿਲੀ ਸੀ । ਸ਼ਾਇਦ ਸ਼ਮੀ ਭੀ ਅੱਗੇ...।

'ਹਾਂ ਬਈ ਸਰਦਾਰਾ ਕਿੰਨੇ ਦੀ ਕੱਟਾਂ' ਸਾਹਮਣੇ ਚੰਦੇ ਦੀ ਕਾਪੀ ਲਈ ਖਲੋਤਿਆਂ ਨੇ ਹੀ ਉਸ ਦੀ ਲੀਨ ਤੋੜੀ ।

'ਮੈਂ ਸਵੇਰ ਦਾ ਭੁੱਖਣ ਭਾਣਾ ਬੈਠਾਂ'

'ਕਿਉਂ ਟਿੱਚਰਾਂ ਕਰਦਾਂ ਸਰਦਾਰ, ਨਿਆਈ ਭੋਏਂ ਦਾ ਮਾਲਕ ਹੋ ਕੇ—ਭੁੱਖੇ ਮਰਨ ਨੂੰ ਅਸੀਂ ਥੋੜੇ ਆਂ ਰਵਿਉਜੀ...।

'ਰੋਟੀ ਤਾਂ ਰਾਮ ਨਾਲ ਖਾਂਦੇ ਆਂ—ਏਥੇ ਨਾ ਦਿਨ ਵਿਹਲ ..ਨਾ ਰਾਤ ਬਸ ਰੋਟੀ ਜੋਗਾ ਕੰਮ ਚੋਈ ਜਾਵੇਂ...'

'ਕਹਿਣ ਦੀਆਂ ਗੱਲਾਂ ਨੇ ਸਿਆੜ ਪਿੱਛੇ ਜੱਟ ਭਰਾ ਦਾ ਸਿਰ ਵੱਢ ਦਿੰਦਾ...ਅਸੀਂ ਤਾਂ ਕਿਹੜੇ ਪਾਣੀ ਹਾਰ ਆਂ ਛੇਤੀ ਦੱਸ ਕਿੰਨੇ ਕੱਟੀਏ...'

'ਗਊ ਦੀ ਸੌਂਹ...ਮੇਰੇ ਕੋਲ ਤੇ ਨੇਮ ਨੂੰ ਨੀ ਪੈਸਾ . ਰਮੇਸ਼ ਨੂੰ ਪੁੱਛਦਾਂ ..।'

'ਭੇਜੀਂ ਲਾਲਾ ਸਰਦਾਰ ਦੇ ਨ੍ਹਾਂ ਪੰਜ ਰੁਪਏ'

'ਬਥੇਰੀ ਸਾਡਾ ਬੁੜਾ ਰਕਮ ਖੂਹ 'ਚ ਗੇਰ ਗਿਆ—ਜੱਟਾਂ ਨੂੰ ਅਡਵਾਂਸ ਦੇ ਕੇ—ਇਹ ਜੱਟ ਨੀ ਕਿਸੇ ਦੇ ਮੱਤ ਬਣਦੇ—' ਪੰਜਾਂ ਰੁਪਇਆਂ ਪਿੱਛੇ ਰਮੇਸ਼ ਨੇ ਨਾਹਰ ਸਿਹੁੰ ਥਾਂ ਦਾ ਥਾਂ ਲਾਹ ਦਿੱਤਾ।

'ਫੇਰ ਲੈ ਜਿਉ.. ਫੇਰ . ਬੋਲੀ ਹੋਏ ਤੇ' ਉਸ ਦੇ ਸੰਘ ਹੇਠੋਂ ਮਸੀਂ ਬੋਲ ਨਿਕਲਿਆ "ਤੇਆਡੀ.. ਮਾਂ ਨਾਲ ਲਮਾਂ ਫੇਰੇ...' ਨਾਹਰ ਸਿਹੁੰ ਕ੍ਣਕ ਕੋਲ ਖਲੋਤੀਆਂ ਮੰਗਤੀਆਂ ਮਗਰ ਪਰੈਣੀ ਲੈ ਕੇ ਦੌੜਿਆ। ਸ਼ਾਇਦ ਰਮੇਸ਼ ਦਾ ਗੁੱਸਾ ਉਹ ਇਨ੍ਹਾਂ ਤੇ ਕੱਢਣਾ ਚਾਹੁੰਦਾ ਸੀ।

'ਨਸਾਫ ਨਹੀਂ ਏਸ ਰਾਜ 'ਚ.. ' ਨਾਲ ਦੀ ਢੇਰੀ ਵਾਲੋਂ ਉਸ ਨਾਲ ਗੱਲ ਤੋਰਨੀ ਚਾਹੁੰਦਾ ਸੀ।

'ਨਾਸਾਫ ਤਾਂ ਗਰੇਜਾਂ ਵੇਲੇ ਹੋਏ...' ਪਿਛਲੀ ਉਮਰੇ ਨਾਹਰ ਸਿਹੁੰ ਨੇ ਆਪਣੇ ਬਾਪੂ ਨੂੰ ਕਹਿੰਦੇ ਸੁਣਿਆ ਸੀ।ਉਸ ਨੇ ਉਹੋ ਸ਼ਬਦ ਦੁਹਰਾ ਦਿੱਤੇ।

'ਕਹਿੰਦੇ ਉਹ ਗੰਜੇ ਜਿਹੇ ਨੇ ਲਿਆਂਦੀ ਤੀ ਅਜ਼ਾਦੀ' ਸਾਹਮਣੇ ਮਿਉਂਸਪਲ ਕਮੇਟੀ ਦੇ ਪਾਠਕ ਵਿੱਚ ਲੱਗੇ ਬੁੱਤ ਵੱਲ ਵੇਖ ਕੇ ਕਿਹਾ।

'ਇਹਨੇ ਲਿਆਉਣਾ ਘੰਟਾ...ਡੂਢ ਪਾ .ਦੀਆਂ ਹੱਡੀਆਂ ਟੰਗ ਜਿਹੀ ਅੱਗੇ ਕਰੀ ਖੜਾ...ਮੇਰੇ ਸਾਲੇ ਨੇ ਕਦੀ ਕੋਈ ਡਿੰਗ ਪੱਟੀ ਵੀ ਹੋਊ.. ਤੇੜ ਕਪੜਾ ਨੀ... ਨਾਹਰ ਸਿਹੁੰ ਸਹਿਜੇ ਸੁਭਾ ਕਹਿ ਗਿਆ। ਉਹ ਜਦੋਂ ਦਾ ਮੰਡੀ ਆ ਰਿਹਾ ਸੀ, ਬੁੱਤ ਨੂੰ ਇਸੇ ਤਰ੍ਹਾਂ ਵੇਖ ਰਿਹਾ ਸੀ।

'ਆਨਾ ਦੋ, ਦੋ ਆਨੇ, ਤਿੰਨ ਆਨੇ ਦੇ.. ਜਾਵੇ... ਵੇਚਾਂ.. ਸੁਣ ਲੈ ਮਗਰੀ ਲਾਲਅ...' ਦੂਰ ਪਏ ਕਿਸੇ ਦੀ ਬੋਲੀ ਕਰਨ ਦੀ ਅਵਾਜ਼ ਆ ਰਹੀ ਸੀ।

'ਸਰ ਸਰ ਕਰਦੀ ਕਣਕ ਵੇਖ ਕੇ ਉਸ ਨੇ ਭੀ ਆਨੇ ਆਨੇ ਦਾ ਹਿਸਾਬ ਪੋਟਿਆਂ ਤੇ ਕੀਤਾ ਸੀ। ਕਦੇ ਆਪ ਕਰਦਾ। ਕਦੇ ਸ਼ੰਮੀ ਤੋਂ ਕਰਾਉਂਦਾ। ਕਦੇ ਗਲੀ ਦਰਵਾਜ਼ੇ ਬੈਠੇ ਪੜ੍ਹੇ ਲਿਖੇ ਤੋਂ ਪੁੱਛਦਾ। ਘਰ ਆਏ ਗਏ ਨੂੰ ਦੱਸਦਾ। ਸ਼ੰਮੀ ਦੀ ਬੇਬੇ ਨਾਲ ਪਿਛਲੇ ਅੰਦਰ ਬੜ ਬੜ ਗੱਲਾਂ ਕਰਦਾ।

'ਨਾਹਰ ਸਿਆਂ ਤੋਂ ਭੀ ਲਵਾ ਲੈਣੀ ਤੀ...ਭਾਂਡੇ ਆਲੀਏ ਨੇ ਤਾਂ ਲਵਾ ਲੀ...ਵਲੈਤੀ ਬੋਤਲ ਦੇ ਕੇ... ਕੋਈ ਪੱਲੇਦਾਰ ਜਾਂਦਾ ਜਾਂਦਾ ਉਸ ਨੂੰ ਕਹਿ ਗਿਆ ਉਸ ਨੇ ਸਿਰਫ ਪੱਲੇਦਾਰ ਦੀ ਪਿੱਠ ਹੀ ਦੇਖੀ।

'ਆ ਗਿਆ...ਉਏ ਆ ਗਿਆ...' ਮੰਡੀ ਦੇ ਖੱਬੇ ਪਾਸਿਉਂ ਪੱਲੇਦਾਰ ਭੱਜੇ ਆ ਰਹੇ ਸਨ। ਪਹਾੜ ਵਲੋਂ ਮੀਂਹ ਪੈਂਦਾ ਆ ਰਿਹਾ ਸੀ।

'ਹੁਣ ਕੀ ਕਰਾਂ ਜੇ ਜਾਦਾ ਆ ਗਿਆ, ਕਣਕ ਨੂੰ ਬਗਾ ਕੇ ਲੈ ਜੂ' ਨਾਹਰ ਸਿਹੁੰ ਦੇ ਭਾਣੇ ਦੀ ਤਾਂ ਪਰਲੋ ਆ ਗਈ ਸੀ।

ਉਸ ਨੂੰ ਇਕ ਇਕ ਦਾਣਾ ਕਣਕ ਦਾ ਰੁੜਦਾ ਵਿਖਾਈ ਦਿੱਤਾ। ਤੇ ਨਾਲ ਹੀ ਆਸਾਂ ਉਮੀਦਾਂ। ਉਸ ਦਾ ਚਿਤ ਕੀਤਾ ਕਣਕ ਤੇ ਲੰਮਾ ਪੈ ਜਾਵੇ। ਦਾਣੇ ਨੂੰ ਆਪਣੇ ਖੰਭਾਂ ਹੇਠ ਲਕੋ ਲਵੇ।

'ਆਜਾ ਨਾਹਰ ਸਿਆਂ. ਆ ਜਾ ਕਿਤੇ ਨਹੀਂ ਜਾਂਦੀ...' ਕਲ੍ਹ ਦਾ ਜੁਆਕੜਾ ਰਮੇਸ਼ ਉਸ ਦਾ ਨ੍ਹਾਂ ਲੈ ਕੇ ਹਾਕਾਂ ਮਾਰ ਰਿਹਾ ਸੀ। ਜਿਵੇਂ ਨੀਵੇਂ ਬੰਦੇ ਦਾ ਨਾਂ ਹੀ ਨਹੀਂ ਹੁੰਦਾ।

'ਮਖਾਂ ਤਰਪਾਲਾਂ ਤਾਂ ਦੇ ਲਾਲਾ। ਕੋਈ...'

ਤਿਰਪਾਲਾਂ ਜਿੰਨੀਆਂ ਮਰਜ਼ੀ.. ਮਗਰ ਪਈਆਂ ਨੇ' ਉਸ ਨੇ ਮਗਰੋਂ ਤਰਪਾਲ ਕੱਢੀ ਤੇ ਕਣਕ ਨੂੰ ਢੱਕ ਕੇ ਫਿਰ ਦੁਕਾਨ 'ਚ ਆ ਖਲੋਤਾ।

ਉਸ ਨੂੰ ਬਲਦਾਂ ਦਾ ਖਿਆਲ ਆਇਆ। ਪਰ ਕਰੇਗਾ ਹੀ ਕੀ। ਬੰਨ੍ਹੇਗਾ ਕਿੱਥੇ। ਸੋਚ ਉਹ ਨਿਚੱਲਾ ਹੋ ਕੇ ਖੜ੍ਹ ਗਿਆ।

ਮੀਂਹ ਜਿਵੇਂ ਆਇਆ ਸੀ ਉਵੇਂ ਚਲੇ ਗਿਆ। ਪਰ ਇਕ ਵਾਰੀ ਮੰਡੀ 'ਚ ਛਿਬੜ ਛਿਬੜ ਕਰ ਗਿਆ।

"ਲਾਲਾ ਨਬੇੜ ਛਾਹਾ...ਮੇਰੇ ਗੱਲ ਗਲੋਂ ਲਾਹ...' ਉਸ ਨੇ ਤਰਲੇ ਵਰਗੀ ਅਵਾਜ਼ ਵਿਚ ਕਿਹਾ।

'ਦੋ ਲਗਣਗੀਆਂ ਅੰਗ੍ਰੇਜ਼ੀ ਦੀਆਂ...'

'ਜਿਕਣ ਨਿਬੜਦੀ ਐ...ਨਿਬੇੜ ਦੇ...'

ਪਹਿਲਾ ਕਹਿੰਦਾ ਹੁਣ ਨੂੰ ਪਿੰਡ ਬੈਠਾ ਹੁੰਦਾ...।'

'ਨੱਬੇ ਤੇ ਅੱਠ ਰੁਪਇਆਂ ਦੇ ਹਿਸਾਬ ਨਾਲ ਬੋਰੀ ਵਿਚ ਪਵਾ ਦਿੱਤੀ। ਸਰਕਾਰ ਦਾ ਐਲਾਨ ਸੀ ਕਿ ਇਕ ਸੌ ਪੰਜ ਤੋਂ ਘੱਟ ਕਣਕ ਨਹੀਂ ਵਿਕੇਗੀ। ਜਿਹੜੀ ਬਚੀ। ਉਸ ਨੂੰ ਸਰਕਾਰ ਆਪ ਖਰੀਦੇਗੀ।

ਹੁਣ ਭੀ ਸਰਕਾਰ ਹੀ ਖਰੀਦ ਰਹੀ ਸੀ।

ਕੁਲ ਸਾਢੇ ਅਠਾਈ ਕੁਵਿੰਟਲ ਹੋਈ। ਆੜਤੀਏ ਨੇ ਕੁਲ ਸਤਾਈ ਸੌ ਰੁਪਇਆ ਬਣਾਇਆ ਤੇ ਹਜ਼ਾਰ ਉਸ ਦੇ ਹੱਥ ਫੜਾਉਂਦੇ ਕਿਹਾ।

'ਆਪਣਾ ਤੇ ਪਿਉ ਦਾਦੇ ਵੇਲੇ ਦਾ ਹਿਸਾਬ ਚਲਦਾ—ਬਾਕੀ ਕਿਸੇ ਦਿਨ ਫੇਰ ਆ ਜੀਂ...ਅਜੇ ਬਾਹਰੋਂ ਪੈਸੇ ਨੀ ਆਏ।'

ਨਾਹਰ ਸਿਹੁੰ ਦਾ ਚਿੱਤ ਕੀਤਾ ਆਹ ਰੁਪਏ ਭੀ ਇਸ ਦੇ ਮੱਥੇ ਮਾਰੇ । ਤੇ ਪੈਂਦੀ ਸੱਟੇ ਦੋ ਤਿੰਨ ਪਰੈਣੀਆਂ ਜੜੇ ।

'ਕੋਈ ਨਾ...ਕੋਈ ਨਾ...ਸਰਦਾਰ...' ਕਰਦਾ ਰਮੇਸ਼ ਦੁਕਾਨ 'ਚ ਬਾਹਰ ਨਿਕਲ ਗਿਆ ।

ਉਹ ਕਾਹਲੇ ਜਿਹੇ ਕਦਮੀ ਉਥੋਂ ਤੁਰ ਗਿਆ ।

ਇਕ ਪਲ ਸੁੰਨੇ ਬਲਦਾਂ ਦਾ ਖਿਆਲ ਆਇਆ । ਉਸ ਨੇ ਕਦਮ ਤੇਜ਼ ਕਰ ਲਏ ।

'ਹੈਂ ! ਹੈਂ ! ਓ ਬੌਲਦ...' ਸੁੰਨਾ ਗੱਡਾ ਵੇਖ ਉਸ ਦੀ ਜ਼ਬਾਨ ਥਾਂ ਦੀ ਥਾਂ ਖਲੋ ਗਈ ।

ਉਸ ਨੇ ਆਲੇ ਦੁਆਲੇ ਨਜ਼ਰ ਮਾਰੀ । ਕਿਤੇ ਕੁਝ ਨਾ ਵਿਖਾਈ ਦਿੱਤਾ । o

---

ਵਿਚਾਰ ਚਰਚਾ

# ਭਾਰਤ ਦੀ ਇਨਕਲਾਬੀ ਕਮਿਊਨਿਸਟ ਲਹਿਰ ਦੀ ਏਕਤਾ ਬਾਰੇ

ਇਨਕਲਾਬੀ ਕਮਿਊਨਿਸਟ ਪਾਰਟੀ ਭਾਰਤ ਅਤੇ ਇਨਕਲਾਬੀ ਕਮਿਊਨਿਸਟ ਕੇਂਦਰ ਭਾਰਤ (ਮਾਰਕਸੀ ਲੈਨਨੀ) ਵਲੋਂ, "ਕੁੱਲ ਹਿੰਦ ਪਾਰਟੀ ਸਥਾਪਨਾ ਲਈ ਅੱਗੇ ਆਉ" ਦੇ ਸਿਰਲੇਖ ਥੱਲੇ 'ਜੈਕਾਰਾ' ਅਤੇ 'ਵਰਕਰ' ਦੇ ਸਾਂਝੇ ਅੰਕ ਵਿਚ ਕਮਿਊਨਿਸਟ ਇਨਕਲਾਬੀਆਂ ਦੇ ਨਾਉਂ ਸਾਂਝਾ ਖੱਤ ਜਾਰੀ ਕੀਤਾ ਗਿਆ ਹੈ । ਇਸ ਵਿਚ ਉਨ੍ਹਾਂ ਨੇ ਭਾਰਤੀ ਦੀ ਕਮਿਊਨਿਸਟ ਇਨਕਲਾਬੀ ਲਹਿਰ ਨੂੰ ਇਕ ਜੁੱਟ ਕਰਨ ਅਤੇ ਸਹੀ ਰਾਜਨੀਤਕ ਲਾਈਨ ਵਿਕਸਤ ਕਰਨ ਲਈ ਵਿਚਾਰਧਾਰਕ, ਸਿਆਸੀ ਅਤੇ ਜੱਥੇਬੰਦਕ ਸੁਝਾਅ ਪੇਸ਼ ਕੀਤੇ ਹਨ । ਅਸੀਂ "ਮਾਰਕਸੀ ਵਿਚਾਰਮੰਚ, ਪਟਿਆਲਾ" ਵਲੋਂ ਇਨਾਂ ਜੱਥੇਬੰਦੀਆਂ ਦੇ ਏਕਤਾ ਉਪਰਾਲੇ ਦੀ ਸ਼ਲਾਘਾ ਕਰਦੇ ਹਾਂ। ਇਸ ਉਪਰਾਲੇ ਦੀ ਰੋਸ਼ਨੀ ਵਿਚ ਅਸੀਂ ਆਸ ਰੱਖ ਸਕਦੇ ਹਾਂ ਕਿ ਘੱਟੋ ਘੱਟ ਪੰਜਾਬ ਵਿਚ ਤਾਂ ਛੇਤੀ ਹੀ ਕਮਿਊਨਿਸਟ ਇਨਕਲਾਬੀ ਜੱਥੇਬੰਦੀਆਂ ਦੀ ਗਿਣਤੀ ਵਿਚੋਂ ਇਕ ਦੀ ਕਮੀ ਤਾਂ ਹੋਣ ਜਾ ਰਹੀ ਹੈ ।ਅੱਜ ਦੀ ਹਾਲਤ ਵਿਚ ਜੱਥੇਬੰਦੀਆਂ ਦੀ ਗਿਣਤੀ ਘਟਣੀ ਵੀ ਚੰਗੀ ਗੱਲ ਹੈ । ਦੂਜੇ ਇਹ ਕਿ ਸਾਥੀਆਂ ਦੇ ਪੇਸ਼ ਕੀਤੇ ਸੁਝਾਵਾਂ ਬਾਰੇ ਕਮਿਊਨਿਸਟ ਇਕਕਲਾਬੀਆਂ ਵਲੋਂ ਹਾਂ ਪੱਖੀ ਅਤੇ ਗੰਭੀਰ ਜਵਾਬੀ ਵਿਚਾਰਧਾਰਕ ਬਹਿਸ, ਆਪਸੀ ਵਿਚਾਰਧਾਰਕ-ਰਾਜਨੀਤਕ ਵਿਰੋਧਾਂ ਬਾਰੇ ਸਪਸ਼ਟਤਾ ਹੋਣ ਵਿਚ ਸਹਾਇਤਾ ਮਿਲੇਗੀ ਅਤੇ ਅੱਗੋਂ ਇਨ੍ਹਾਂ ਨੂੰ ਦੂਰ ਕਰਨ ਦਾ ਰਾਹ ਖੁਲੇਗਾ ।

ਏਕਤਾ ਦੇ ਵਿਸ਼ੇ ਨੂੰ ਅਰਪਿਤ ਸਾਥੀਆਂ ਦੇ ਸਾਂਝੇ ਖੱਤ ਵਿਚ ਉਨ੍ਹਾਂ ਵੱਲੋਂ ਪੇਸ਼ ਕੀਤੇ ਨਿਰਨਿਆਂ ਅਤੇ ਸੁਝਾਵਾਂ ਵਿਚੋਂ ਅਸੀਂ ਸਿਰਫ ਕੁਝ ਇਕ ਬਾਰੇ ਅਪਣੇ ਵਿਚਾਰ ਸਭ ਕਮਿਊਨਿਸਟ ਇਨਕਲਾਬੀਆਂ ਅੱਗੇ ਰੱਖ ਰਹੇ ਹਾਂ । ਸਾਡਾ ਮੁੱਦਾ ਭਾਰਤੀ ਕਮਿਊਨਿਸਟ ਲਹਿਰ ਨੂੰ ਇਕ ਜੁੱਟ ਕਰਨ ਅਤੇ ਸਹੀ ਦਿਸ਼ਾ ਵੱਲ ਰਾਜਨੀਤਕ ਲਾਈਨ ਦੇ ਵਿਕਸਿਤ ਕਰਨ ਲਈ ਵੱਖੋ ਵੱਖ ਕਮਿਊਨਿਸਟ ਜੱਥੇਬੰਦੀਆਂ ਵਲੋਂ ਕੀਤੇ ਜਾ ਰਹੇ ਜਤਨਾਂ ਵਿਚ ਸਰਦਾ-ਪੁਜਦਾ ਹਿੱਸਾ ਪਾਉਣਾ ਹੈ ।

ਸਾਂਝੇ ਖੱਤ ਵਿਚੋਂ ਕੁਝ ਹਵਾਲੇ :—ਨਿਰਣਾ ਨੰ: (1) "ਭਾਰਤ ਦੀ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਦਰ ਪੇਸ਼ ਮੌਜੂਦਾ ਸੰਕਟ ਦੇ ਭਾਵੇਂ ਅਪਣੇ ਬਹੁਤ ਸਾਰੇ ਵਿਸ਼ੇਸ਼ ਲੱਛਣ ਹਨ ਅਤੇ ਇਸਦੇ ਪੈਦਾ ਹੋਣ ਵਿਚ ਭਾਵੇਂ ਬਹੁਤ ਸਾਰੇ ਸਥਾਨਕ ਫੈਕਟਰਾਂ ਦਾ ਵੀ ਮਹਤੱਵਪੂਰਨ ਰੋਲ ਹੈ, ਪਰ ਅੰਤਮ ਤੌਰ ਤੇ ਇਹ ਸੰਕਟ, ਕੌਮਾਂਤਰੀ ਕਮਿਊਨਿਸਟ ਲਹਿਰ ਦੇ ਸੰਕਟ ਦਾ ਹੀ ਅਨਿਖੜਵਾਂ ਅੰਗ ਹੈ ਅਤੇ ਇਸਦੀ ਹੋਣੀ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਹੋਣੀ ਨਾਲ ਹੀ ਜੁੜੀ ਹੋਈ ਹੈ ।

ਨੰਬਰ (2) ਚੀਨ ਅੰਦਰ ਕਾਮਰੇਡ ਮਾਓ-ਜ਼ੇ-ਤੁੰਗ ਦੀ ਮੌਤ ਤੋਂ ਮਗਰੋਂ ਹੋਏ ਉਲਟ-ਇਨਕਲਾਬੀ ਰਾਜ-ਪਲਟੇ, ਅਲਬਾਨੀਆਂ ਦੀ ਲੇਬਰ ਪਾਰਟੀ ਦੇ ਆਗੂ ਅਨਵਰ ਹੋਜ਼ਾ ਦੀ ਗਦਾਰੀ ਕੌਮਾਂਤਰੀ ਕਮਿਊਨਿਸਟ ਲਹਿਰ ਅੰਦਰ ਜਾਰੀ ਰਹਿ ਰਹੇ ਸੰਕਟ ਨੂੰ ਸਿਖਰੀਂ ਪਹੁੰਚਾ ਦਿਤਾ ਸੀ ।

ਨੰਬਰ (3) ਭਾਰਤ ਦੀ ਇਨਕਲਾਬੀ ਕਮਿਊਨਿਸਟ ਲਹਿਰ ਅੰਦਰ ਫੈਲੇ ਵਿਚਾਰਧਾਰਕ ਘਚੋਲੇ ਤੇ ਖਿੰਡਾ ਦਾ ਮੂਲ ਕਾਰਣ ਇਹ ਹੈ ਕਿ ਇਹ ਮਾਰਕਸਵਾਦ-ਲੈਨਿਨਵਾਦ-ਮਾਓਵਿਚਾਰਧਾਰਾ ਦੇ ਇਨਕਲਾਬੀ ਵਿਗਿਆਨ ਨੂੰ ਡੂੰਘਾਈ 'ਚ ਗ੍ਰਹਿਣ ਕਰਨ ਅਤੇ ਭਾਰਤ ਦੇ ਵਿਸ਼ੇਸ਼ ਲੱਛਣਾ ਤੇ ਕੌਮਾਂਤਰੀ ਹਾਲਤਾਂ ਅਨੁਸਾਰੀ ਇਨਕਲਾਬੀ ਲੀਹ ਦਾ ਵਿਕਾਸ ਕਰਨ 'ਚ ਸਫਲ ਨਹੀਂ ਹੋ ਸਕੀ । ਲਹਿਰ ਦੀ ਇਸੇ ਮੂਲ ਕਮਜ਼ੋਰੀ ਸਦਕਾ ਨਾਂ ਤਾਂ ਵਿਚਾਰਧਾਰਕ ਖੇਤਰ ਅੰਦਰ ਵੱਖ ਵੱਖ ਮੌਕਾ ਪ੍ਰਸਤ ਰੁਚੀਆਂ ਤੇ ਕੁਰਾਹਿਆਂ ਨੂੰ ਸਫਲਤਾ ਨਾਲ ਪਛਾੜਿਆ ਤੇ ਖਦੇੜਿਆ ਜਾ ਸਕਿਆ ਅਤੇ ਨਾਂ ਹੀ, ਅਮਲੀ ਖੇਤਰ ਅੰਦਰ ਦੇਸ਼ ਭਰ ਅੰਦਰ ਇਕ ਤਾਕਤਵਰ ਇਨਕਲਾਬੀ ਲਹਿਰ ਦੀ ਉਸਾਰੀ ਕੀਤੀ ਜਾ ਸਕੀ ।...

ਨੰਬਰ (5) (2) .., ਮੌਜੂਦਾ ਹਾਲਤਾਂ ਅਨੁਸਾਰ ਇਕ ਸਾਂਝੇ ਥੜੇ 'ਚ ਹਰ ਉਸ ਗਰੁੱਪ (ਅਤੇ ਵਿਅੱਕਤੀ) ਨੂੰ ਸਰੀਕ ਕੀਤਾ ਜਾਣਾ ਚਾਹੀਦਾ ਹੈ, ਜਿਹੜਾ, (ਏ)

ਮਾਰਕਸਵਾਦ-ਲੈਨਿਨਵਾਦ-ਮਾਉ-ਵਿਚਾਰਧਾਰਾ ਨੂੰ ਆਪਣੀ ਰਾਹਦਰਸਾਉ ਵਿਚਾਰਧਾਰਾ ਵਜੋਂ ਪ੍ਰਵਾਨ ਕਰਦਾ ਹੋਵੇ। (ਬੀ) ਮਹਾਨ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ ਨੂੰ ਦ੍ਰਿੜਤਾ ਨਾਲ ਬਲੰਦ ਕਰਦਾ ਹੋਵੇ, ਅਤੇ (ਸੀ.) ਤਿੰਨ ਦੁਨੀਆਂ ਦੇ ਸੋਧਵਾਦੀ ਸਿਧਾਂਤ ਨੂੰ ਸਪਸ਼ਟ ਰੂਪ 'ਚ ਰੱਦ ਕਰਦਾ ਹੋਵੇ।"

ਸਾਥੀਆਂ ਵਲੋਂ ਦਸੇ "ਭਾਰਤ ਦੀ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਦਰਪੇਸ਼ ਮੌਜੂਦਾ ਸੰਕਟ..." ਅਨੁਸਾਰ ਮੌਜੂਦਾ ਸੰਕਟ ਦੀ ਅਰੰਭਕ ਸਮੇਂ ਸੀਮਾਂ ਦਾ ਕੋਈ ਸਪਸ਼ਟ ਪਤਾ ਨਹੀਂ ਲਗਦਾ। ਪਰ ਨਿਰਨਾ ਨੰ: (1) ਅਤੇ (2) ਦੀ ਤੋਂ ਸਾਡੀ ਸਮਝ ਅਨੁਸਾਰ ਇਹ "ਮੌਜੂਦਾ ਸੰਕਟ" ਭਾਰਤ ਦੀ ਕਮਿਊਨਿਸਟ ਲਹਿਰ ਅਤੇ ਕੌਮਾਂਤਰੀ ਕਮਿਊਨਿਸਟ ਲਹਿਰ ਵਿੱਚ ਬਹੁਤ ਲੰਬੇ ਸਮੇਂ ਅਰਥਾਤ 1939 ਵਿਚ ਤੀਜੀ ਕਮਿਊਨਿਸਟ ਕੌਮਾਂਤਰੀ ਦੇ ਆਪਣੇ ਆਪਨੂੰ ਭੰਗ ਕਰਨ ਦੇ ਫੈਸਲੇ ਸਮੇਂ ਤੋਂ ਚਲਿਆ ਆ ਰਿਹਾ ਸੀ ਅਤੇ ਕਾਮਰੇਡ ਮਾਉ ਦੀ ਮੌਤ ਤੋਂ ਪਿਛੋਂ ਇਹ ਸਿਖਰ ਉਤੇ ਪਹੁੰਚ ਗਿਆ ਸੀ। ਹੁਣ ਇਨਕਲਾਬੀ ਕੌਮਾਂਤਰੀ ਦੇ ਲਹਿਰ ਬਨਣ ਨਾਲ ਹੇਠਾਂ ਨੂੰ ਰਿਸਕਣ ਲਗਿਆ ਹੈ। ਇਸ ਤੋਂ ਨਤੀਜਾ ਇਹ ਨਿਕਲਦਾ ਹੈ ਕਿ ਭਾਰਤ ਦੀ ਕਮਿਊਨਿਸਟ ਲਹਿਰ ਦੇ ਮੌਜੂਦਾ ਸੰਕਟ ਦੀ ਸ਼ੁਰੂਆਤ ਜਾਂ ਜੜ੍ਹ ਤੀਜੀ ਕੌਮਾਂਤਰੀ ਦੇ ਭੰਗ ਕਰਨ ਦੇ ਫੈਸਲੇ ਵਿੱਚ ਹੈ। ਕਿਉਂ ਜੋ ਇਸ ਫੈਸਲੇ ਨੇ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਸੰਕਟ ਪੈਦਾ ਹੋਣ ਦਾ ਰਾਹ ਖੋਲ੍ਹ ਦਿੱਤਾ ਸੀ ਤੇ ਇਹ ਹੁਣ ਤੱਕ ਦਿਨੋਂ ਦਿਨ ਵਧਦਾ ਰਿਹਾ। ਸਾਥੀਆਂ ਦੀ ਸਮਝ ਅਨੁਸਾਰ ਭਾਰਤ ਦੀ ਕਮਿਊਨਿਸਟ ਲਹਿਰ ਦਾ ਸੰਕਟ ਅੰਤਮ ਤੌਰ ਤੇ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਸੰਕਟ ਦਾ ਹੀ ਅਨਿਖੜਵਾਂ ਅੰਗ ਹੈ ਅਤੇ ਇਸ ਦੀ ਹੋਣੀ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਹੋਣੀ ਨਾਲ ਹੀ ਜੁੜੀ ਹੋਈ ਹੈ। ਸਿੱਟਾ ਇਹ ਕਿ ਭਾਰਤ ਦੀ ਕਮਿਊਨਿਸਟ ਲਹਿਰ ਦਾ ਸੰਕਟ ਦਾ ਸ਼ਿਕਾਰ ਹੋਣਾ ਸੁਭਾਵਕ ਹੀ ਸੀ। ਸੋ ਸਾਥੀਆਂ ਨੇ ਸਾਡੀ ਲਹਿਰ ਦੇ ਸੰਕਟ ਦਾ "ਅੰਤਮ ਤੌਰ ਤੇ" ਫੈਸਲਾਕਰੂ ਕਾਰਨ ਕੌਮਾਂਤਰੀ ਲਹਿਰ ਨੂੰ ਦੱਸਿਆ ਹੈ। ਪਰ ਸਾਥੀਆਂ ਨੇ ਇਸ ਬਾਰੇ ਕੋਈ ਤੱਥ, ਉਨ੍ਹਾਂ ਦੇ ਅਸਰ ਅਤੇ ਨਤੀਜੇ ਸਾਡੇ ਸਾਹਮਣੇ ਨਹੀਂ ਰਖੇ ਹਨ। ਐਨੇ ਅਹਿਮ ਸਵਾਲ ਬਾਰੇ ਉਨ੍ਹਾਂ ਨੂੰ ਇਹ ਰੱਖਣੇ ਚਾਹੀਦੇ ਸਨ, ਤਦ ਇਨਕਲਾਬੀ ਕਮਿਊਨਿਸਟਾਂ ਵਿਚਕਾਰ ਸਾਰਥਕ ਬਹਿਸ ਲਈ ਸਹਾਇਤਾ ਮਿਲ ਸਕਦੀ ਸੀ। ਸਾਥੀਆਂ ਤੋਂ ਆਸ ਰਖਦੇ ਹਾਂ ਕਿ ਉਹ ਇਸ ਪੱਖੋ ਨੂੰ ਪੂਰਾ ਕਰਣਗੇ। ਅਸੀਂ ਇਸ ਪ੍ਰਸੰਗ ਵਿਚ ਇਹ ਵੀ ਕਹਿਣਾ ਚਾਹੁੰਦੇ ਹਾਂ ਕਿ ਤੀਜੀ ਕੌਮਾਂਤਰੀ ਤੋੜਨ ਦੇ ਫੈਸਲੇ ਦੀ ਵਾਜਬੀਅਤ ਜਾਨਾਂ-ਵਾਜਬੀਅਤ ਸੰਬਧੀ ਅਤੇ ਇਸ ਨਾਲ ਕੌਮਾਂਤਰੀ ਅਤੇ ਵੱਖ ਵੱਖ ਦੇਸਾਂ ਦੀ ਕਮਿਊਨਿਸਟ ਲਹਿਰ ਦੇ ਸੰਕਟਗ੍ਰਸਤ ਹੋਣ ਜਾਂ ਗੰਭੀਰ ਨਾਂਹ-ਪੱਖੀ ਅਸਰ ਬਾਰੇ ਸਾਥੀਆਂ ਦੇ ਨਿਰਣੇ ਨੂੰ ਇਸ ਲਿਖਤ ਵਿਚ ਬਹਿਸ ਅਧੀਨ ਨਹੀਂ ਲਿਆ ਰਹੇ। ਕਿਉਂਕਿ ਅਸੀਂ ਭਾਰਤ ਦੇ ਇਨਕਲਾਬ ਵਾਸਤੇ ਸਹੀ ਰਾਜਸੀ ਲਾਈਨ ਦੇ ਵਿਕਸਤ ਕਰਨ ਵਿਚ ਇਸ ਸਵਾਲ ਨੂੰ ਦੂਜੇ ਦਰਜੇ ਦਾ ਸਮਝਦੇ ਹਾਂ-ਬੁਨੀਆਦੀ ਜਾਂ ਮੁੱਖ ਨਹੀਂ ਸਮਝਦੇ। ਇਸ ਪ੍ਰਸੰਗ ਵਿਚ ਅਸੀਂ ਸਿਰਫ ਇਕ ਇਤਿਹਾਸਕ ਅਤੇ ਮੌਜੂਦਾ ਸਚਾਈ ਪੇਸ਼ ਕਰਨੀ ਚਾਹੁੰਦੇ ਹਾਂ। ਉਹ ਇਹ ਕਿ ਲੈਨਿਨ ਦੀ ਅਗਵਾਈ ਵਿਚ ਕੌਮਾਂਤਰੀ ਕਮਿਊਨਿਸਟ ਲਹਿਰ ਨੇ ਪ੍ਰੋਲੇਤਾਰੀ ਇਨਕਲਾਬ ਦੇ ਯੋਗ ਲਈ, ਮੌਜੂਦਾ ਸੰਸਾਰ ਵਿਚ ਕੰਮ ਕਰ ਰਹੀਆਂ ਬੁਨਿਆਦੀ ਵਿਰੋਧਤਾਈਆਂ ਦੀ ਭੂਮਿਕਾ ਬਾਰੇ ਜਾਂਚ ਪੜਤਾਲ ਅਤੇ ਘੋਖ ਦੇ ਅਧਾਰ ਉਤੇ ਸੰਸਾਰ ਪ੍ਰੋਲੇਤਾਰੀ ਇਨਕਲਾਬ ਦੀ ਜਨਰਲ ਲਾਈਨ ਘੜ ਲਈ ਸੀ। ਅਗੋਂ ਇਹ ਸਟਾਲਨ ਤੇ ਮਾਉ ਦੀ ਅਗਵਾਈ ਵਿਚ ਬਾਹਰਮੁਖੀ ਸੰਸਾਰ ਹਾਲਤਾਂ ਅਨੁਸਾਰ ਵਿਕਸਿਤ ਹੁੰਦੀ ਗਈ। ਨਾਲ ਦੀ ਨਾਲ ਅਲਗ ਅਲਗ ਦੇਸਾਂ ਦੀਆਂ ਕਮਿਊਨਿਸਟ ਪਾਰਟੀਆਂ ਨੇ ਸੰਸਾਰ ਪ੍ਰੋਲੇਤਾਰੀ ਇਨਕਲਾਬ ਦੀ ਯੁੱਧ ਨੀਤੀ ਅਤੇ ਦਾਅ ਪੇਚਾਂ ਨੂੰ ਹਮੇਸ਼ਾਂ ਆਪਨੇ ਸਾਹਮਣੇ ਰਖਦੇ ਹੋਏ, ਮੌਜੂਦ ਸਮਾਜੀ ਪੜਾਅ ਦੀ ਪ੍ਰਧਾਨ ਵਿਰੋਧਤਾਈ ਨੂੰ ਹੱਲ ਕਰਨ ਲਈ ਯੁੱਧ ਨੀਤੀ ਅਤੇ ਦਾਅਪੇਚ ਵਿਕਸਿਤ ਕਰਦੇ ਹੋਏ, ਇਨਕਲਾਬੀ ਲਹਿਰਾਂ ਨੂੰ ਸ਼ਕਤੀ ਸ਼ਾਲੀ ਵੇਗ ਦਿਤਾ ਅਤੇ ਕਈ ਇਕ ਨੇ ਆਪਣੇ ਇਨਕਲਾਬ ਸਫਲ ਕੀਤੇ। ਅੱਜ ਵੀ ਸੰਸਾਰ ਪੱਧਰ ਉਤੇ ਅਤੇ ਵੱਖ ਵੱਖ ਦੇਸ਼ਾਂ ਵਿਚ ਉਪਰੋਕਤ ਆਮ ਸਿਧਾਂਤਕ ਚੌਖਟੇ ਵਿਚ ਇਨਕਲਾਬੀ ਲਹਿਰਾਂ ਦੀ ਵਿਕਾਸ਼ ਸ਼ੀਲ ਪ੍ਰੀਕ੍ਰਿਆ ਜਾਰੀ ਹੈ। ਰਿਹਾ ਕੌਮਾਂਤਰੀ ਕਮਿਊਨਿਸਟ ਲਹਿਰ ਜਾਂ ਵੱਖੋ ਵੱਖ ਦੇਸ਼ਾਂ ਦੀਆਂ ਕਮਿਊਨਿਸਟ ਲਹਿਰਾਂ ਨੂੰ ਲੱਗੀਆਂ-ਪਿਛਾੜਾਂ, ਅਸਫਲਤਾਵਾਂ ਜਾਂ ਪੁੱਠੇ ਗੇੜਾਂ ਦਾ ਸਵਾਲ, ਇਹ ਅੱਲਗ ਅਲਗ ਠੋਸ ਵਿਸ਼ਲੇਸ਼ਨਾਂ ਦਾ ਵਿਸ਼ਾ ਹੈ।

ਹਾਂ ਫਿਰ ਵੀ ਅਸੀਂ ਇਤਿਹਾਸ ਵਿਚੋਂ ਸਾਥੀਆਂ ਦੇ ਇਨ੍ਹਾਂ ਵਿਚਾਰਾਂ ਵਿਰੁੱਧ ਕੁਝ ਮਿਸਾਲਾਂ ਪੇਸ਼ ਕਰਦੇ ਹਾਂ। ਰੂਸ ਦੇ ਇਨਕਲਾਬ ਤੋਂ ਕੁਝ ਸਮਾਂ ਪਹਿਲਾਂ, ਹੋਣ ਵੇਲੇ ਅਤੇ ਕੁਝ ਸਮਾਂ ਪਿਛੋਂ ਤੱਕ ਦੂਜੀ ਕੌਮਾਂਤਰੀ ਤੇ ਕੌਮਾਂਤਰੀ ਕਮਿਊਨਿਸਟ ਲਹਿਰ ਨੂੰ ਇਹ ਸੰਕਟ "ਅੰਤਮ ਤੌਰ ਤੇ",

ਸੰਕਟ ਗਰਸਤ ਨਹੀਂ ਕਰ ਸਕਿਆ ਅਤੇ 'ਆਪਣੀ ਹੋਣੀ" ਨਾਲ ਨਹੀਂ ਬੰਨ੍ਹ ਸਕਿਆ। ਕਾਰਣ ਇਕੋ ਇਕ ਇਹ ਕਿ ਕਾਮਰੇਡ ਲੈਨਿਨ ਦੀ ਅਗਵਾਈ ਵਿਚ ਰੂਸ ਦੀ ਕਮਿਊਨਿਸਟ ਪਾਰਟੀ ਕੌਮਾਂਤਰੀ ਤੇ ਕੌਮੀ ਹਾਲਤਾਂ ਦਾ ਬ੍ਰਾਹਰਮੁਖੀ ਵਿਸ਼ਲੇਸ਼ਨ ਕਰਦੇ ਹੋਏ ਅਪਣੇ ਤੌਰ ਤੇ ਸਹੀ ਲਾਈਨ ਉਤੇ ਦ੍ਰਿੜਤਾ ਨਾਲ ਅਮੱਲ ਕਰਦੀ ਰਹੀ। ਮੰਨ ਲਵਾਏ ਤੁਹਡੇ ਅਨੁਸਾਰ ਸੱਤਾਰਵਿਆਂ ਵਿਚ ਵੀ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਸੰਕਟ ਜਾਰੀ ਰਹਿ ਰਿਹਾ ਸੀ ਜਾਂ "ਪ੍ਰੋਲੇਤਾਰੀ ਕੌਮਾਂਤਰੀਵਾਦ ਅਮਲੀ ਤੌਰ ਤੇ ਮੇਸਿਆ ਹੋਇਆ ਸੀ" ਪਰ ਇਹ ਸਭ ਕੁਝ ਵੀ ਹਿੰਦ ਚੀਨੀ ਦੇਸ਼ਾਂ ਦੇ ਕੌਮੀ ਜਮਹੂਰੀ ਇਨਕਲਾਬਾਂ ਨੂੰ "ਆਪਣੀ ਹੋਣੀ" ਨਾਲ ਨਹੀਂ ਨੂੜ ਸਕਿਆ। ਸੋ ਅਸੀਂ ਸਮਝਦੇ ਹਾਂ ਕਿ ਕਿਸੇ ਦੇਸ਼ ਦੀ ਖਾਸਕਰ ਸਾਡੇ ਭਾਰਤ ਦੀ ਕਮਿਊਨਿਸਟ ਲਹਿਰ ਦਾ ਜੋ ਵੀ ਸੰਕਟ ਆਇਆ ਜਾਂ ਅੱਜ ਹੈ ਦਾ ਮੁੱਖ ਕਾਰਣ ਉਥੋਂ ਦੀ ਕਮਿਊਨਿਸਟ ਪਾਰਟੀ ਖਾਸ ਕਰਕੇ ਉਥੋਂ ਦੀ ਕੇਂਦਰੀ ਲੀਡਰਸ਼ਿਪ ਹੈ। ਇਨਕਲਾਬ ਦੇ ਫੇਲ ਹੋਣ ਬਾਰੇ ਜਾਂ ਸਫਲਤਾ ਤੋਂ ਪਿਛੋਂ ਪੁੱਠਾ ਗੇੜ ਲੱਗਣ ਬਾਰੇ ਵੀ ਇਹੋ ਗੱਲ ਲਾਗੂ ਹੁੰਦੀ ਹੈ। ਅੰਤਰਮੁਖਤਾ ਤੇ ਬਾਹਰਮੁਖਤਾ ਅਤੇ ਮੁੱਖ ਤੇ ਗੈਰ ਮੁੱਖ ਦੀਆਂ ਭੂਮੀਕਾਵਾਂ ਨੇਮਬੱਧ ਹਨ। ਇਨ੍ਹਾਂ ਬਾਰੇ ਬੇਨੇਮੀ ਕਰਨ ਜਾਂ ਮਿਥਨ ਕਰਕੇ ਇਛਤ ਸਿਟਿਆਂ ਦੀ ਥਾ ਉਲਟ ਹੀ ਹਾਸਲ ਹੁੰਦੇ ਹਨ।

ਭਾਰਤ ਦੀ ਕਮਿਊਨਿਸਟ ਲਹਿਰ ਦੇ ਸੰਕਟ ਸੰਬਧੀ ਥੋੜਾ ਹੋਰ ਜ਼ਿਕਰ ਕਰਨਾ ਜ਼ਰੂਰੀ ਹੈ। 1967 ਤੋਂ ਪਿਛੋਂ ਦੇ ਸਮੇਂ ਨੂੰ ਹੀ ਲਈਏ ਤਾਂ ਵੀ ਸਾਥੀਆਂ ਦੇ ਨਿਰਨਾ ਨੰ: (1) ਅਤੇ (2) ਭਾਰਤ ਦੀ ਕਮਿਊਨਿਸਟ ਲਹਿਰ ਦੇ ਸੰਕਟ ਉਤੇ ਢੁਕਦੇ ਨਹੀਂ ਲਗਦੇ। 1969 ਤੋਂ ਪਿਛੋਂ ਕਮਿਊਨਿਸਟ ਇਨਕਲਾਬੀਆਂ ਵਿਚ ਇਕ ਤੋਂ ਪਿਛੋਂ ਦੂਜੀ ਫੁੱਟ ਅਤੇ ਫੇਰ ਫੁੱਟ ਵਿਚ ਫੁਟਾਂ ਦੀ ਲੰਬੀ ਲੜੀ ਚਲੀ ਗਈ। ਸਾਥੀਆਂ ਦੇ ਕਹਿਣ ਅਨੁਸਾਰ 76 ਦੇ ਸਤੰਬਰ ਤੱਕ ਤਾਂ ਸਾਨੂੰ ਇਸ ਸੰਕਟ ਦੀ ਘੜੀ ਸਮੇਂ ਦਿਸ਼ਾ ਤੇ ਅਗਵਾਈ ਮੁਹਈਆ ਕਰਨ ਵਾਲੇ ਪ੍ਰਮਾਣਤ ਆਗੂ ਪਾਉ ਵੀ ਜੀਊਂਦੇ ਸਨ। ਅਤੇ ਇਹ ਵੀ ਤੱਥ ਹੈ ਕਿ ਉਸ ਸਮੇਂ ਮਾਊ ਅਤੇ ਚੀਨ ਦੀ ਕਮਿਊਨਿਸਟ ਪਾਰਟੀ ਨੇ ਅਪਣੀ ਸਮਝ ਤੇ ਢੰਗ ਨਾਲ ਸਾਨੂੰ ਦਿਸ਼ਾ ਤੇ ਅਗਵਾਈ ਦਿਤੀ ਵੀ ਸੀ। ਇਸਦੇ ਬਾਵਜੂਦ ਭਾਰਤ ਦੀ ਕਮਿਊ-ਨਿਸਟ ਲਹਿਰ ਉਸ ਸਮੇਂ ਤੱਕ ਗੰਭੀਰ ਸੰਕਟ ਦਾ ਸ਼ਿਕਾਰ ਹੋ ਚੁੱਕੀ ਸੀ। ਸੋ ਸਾਡੇ ਇਸ ਇਤਿਹਾਸਕ ਪਿਛੋਕੜ ਤੋਂ ਵੀ ਇਸੇ ਸਿੱਧ ਹੁੰਦਾ ਹੈ ਕਿ ਭਾਰਤ ਦੀ ਕਮਿਊਨਿਸਟ ਲਹਿਰ ਤੇ ਖਾਸ ਤੌਰ ਉਤੇ ਉਸਦੀ ਲੀਡਰਸ਼ਿਪ ਅਪਣੀ ਮਾਰਕਸੀ ਸਿਧਾਂਤਾਂ ਦੀ ਕਚਿਆਈ ਕਰਕੇ, ਭਾਰਤ ਦੀਆਂ ਠੋਸ ਹਾਲਤਾਂ ਦਾ ਠੀਕ 2 ਨਿਰਣਾ ਕਰਨ ਅਤੇ ਅਨੁਸਾਰ ਮਾਰਕਸਵਾਦ-ਲੈਨਿਨਵਾਦ-ਮਾਉ ਵਿਚਾਰਧਾਰਾ ਲਾਗੂ ਕਰਨ ਵਿਚ, ਲੈਨਿਨੀ ਜੱਥੇਬੰਦਕ ਅਸੂਲਾਂ ਉਤੇ ਚਲਣ ਵਿਚ, ਗਲੱਤੀਆਂ ਤੋਂ ਇਮਾਨਦਾਰੀ ਤੇ ਗੰਭੀਰਤਾ ਨਾਲ ਸਿਖਣ ਵਿਚ ਅਸਫਲ ਰਹੀ। ਸਿੱਟਾ ਇਹ ਕਿ ਇਹ ਆਪ ਮੌਜੂਦਾ ਸੰਕਟ ਦੀ ਜ਼ੁਮੇਵਾਰ ਹੈ ਨਾਂ ਕਿ ਕੌਮਾਂਤਰੀ ਕਮਿਊ-ਨਿਸਟ ਲਹਿਰ ਦਾ ਸੰਕਟ।"

ਭਾਵੇਂ ਸਾਥੀਆਂ ਨੇ ਅਪਣੇ ਨਿਰਨਾ ਨੰ: (3) ਵਿਚ ਭਾਰਤ ਦੀ ਕਮਿਊਨਿਸਟ ਲਹਿਰ ਵਿਚ ਫੈਲੇ "ਵਿਚਾਰ-ਧਾਰਕ ਘਚੋਲੇ ਤੇ ਖਿੰਡਾਂ ਦਾ ਮੂਲ ਕਾਰਣ ਇਸਦਾ ਮਾਰਕਸ ਵਾਦ ਲੈਨਿਨਵਾਦ-ਮਾਊਵਿਚਾਰਧਾਰਾ ਦੇ ਇਨਕਲਾਬੀ ਵਿਗਿਆਨ ਨੂੰ ਡੂੰਘਾਈ 'ਚ ਗ੍ਰਹਿਣ ਕਰਨ ਅਤੇ ਭਾਰਤ ਦੇ ਵਿਸ਼ੇਸ਼ ਲੱਛਣਾਂ ਤੇ ਕੌਮਾਂਤਰੀ ਹਾਲਤਾਂ ਅਨੁਸਾਰੀ ਇਨ-ਕਲਾਬੀ ਲੀਹ ਦਾ ਵਿਕਾਸ ਕਰਨ 'ਚ ਸਫਲ ਨਾਂ ਹੋ ਸਕਣਾ ਦਸਿਆ ਹੈ। (ਜ਼ੋਰ ਸਾਡੇ ਵਲੋਂ) ਸਾਥੀਆਂ ਦੇ ਸਾਂਝੇ ਖ਼ਤ ਦੀ ਪੂਰੀ ਲਿਖਤ ਦੇ ਕੇਂਦਰੀ ਵਿਸ਼ੇ ਵਸਤੂ ਜਾਂ ਕੇਂਦਰੀ ਵਿਚਾਰ-ਜਿਹੜਾ ਉਤੇ ਵਿਚਾਰ ਅਧੀਨ ਲਿਆਂਦਾ ਜਾ ਚੁੱਕਾ ਹੈ—ਨਾਲ ਇਸ ਹਵਾਲੇ ਦੇ ਪਹਿਲੇ ਹਿੱਸੇ ਦੀ ਕੋਈ ਅਹਿਮੀਅਤ ਬਣਦੀ ਨਹੀਂ; ਸਗੋਂ ਉਸਦੇ ਆਪਾ ਵਿਰੋਧੀ ਹੈ। ਅਸਲ ਵਿਚ ਇਥੇ ਵੀ ਸਾਥੀ ਭਾਰਤੀ ਕਮਿਊਨਿਸਟ ਲਹਿਰ ਦੀ ਅਸਫਲਤਾ ਜਾਂ ਸੰਕਟ ਜਾਂ ਸਹੀ ਲਾਇਨ ਵਿਕਸਿਤ ਨਾਂ ਕਰਨ ਦਾ ਮੁੱਖ ਕਾਰਣ, ਕੌਮਾਂਤਰੀ ਹਾਲਾਤਾਂ ਅਨੁਸਾਰ ਇਨਕਲਾਬੀ ਲੀਹ ਦਾ ਵਿਕਾਸ ਕਰਨ 'ਚ ਸਫਲ ਨਾਂ ਹੋ ਸਕਣਾ ਹੀ ਸਮਝਦੇ ਹਨ। ਸੋ ਇਸ ਨਿਰਣੇ ਵਿਚ ਵੀ ਸਾਥੀ ਭਾਰਤ ਦੀ ਕਮਿਊਨਿਸਟ ਲਹਿਰ ਦੇ ਅੰਤਰ ਮੁਖੀ ਪੱਖ ਨੂੰ ਦੂਜੇ ਦਰਜੇ ਦਾ ਕਰ ਦਿੰਦੇ ਹਨ। ਸਾਨੂੰ ਜ਼ਰੂਰ ਹੀ ਇਸ ਪੱਖ ਨੂੰ ਦੂਜੇ ਦਰਜੇ ਦਾ ਨਹੀਂ ਕਰਨਾ ਚਾਹੀਦਾ। ਇਉਂ ਕਰਕੇ ਅਸੀਂ ਆਪਣੀਆਂ ਮਹੱਤਵਪੂਰਨ, ਗੰਭੀਰ ਤੇ ਵੱਡੀਆਂ ਗਲਤੀਆਂ ਅਤੇ ਕਮੀਆਂ ਤੇ ਪੱਲਾ-ਬਚਾਊ ਰੁਖ ਅਖਤਿਆਰ ਕਰ ਰਹੇ ਹੋਵਾਂਗੇ। ਸਾਨੂੰ ਇਹ ਕਦਾ-ਚਿਤ ਨਹੀਂ ਕਰਨਾ ਚਾਹੀਦਾ ਸਾਨੂੰ ਇਉਂ ਜਚਦਾ ਹੈ ਕਿ ਪਹਿਲਾਂ ਅਸੀਂ ਸਿਧਾਂਤ ਨੂੰ ਅਮਲ ਨਾਲ ਜੋੜਣ ਵਿਚ ਮਾਰ ਖਾਧੀ ਅਤੇ ਹੁਣ ਅਸੀਂ ਅਪਨੇ ਕਾਫ਼ੀ ਲੰਬੇ 17-18 ਸਾਲਾਂ ਅਮਲ ਤੋਂ ਸਿੱਖਣ ਵਿਚ ਅਸਫਲ ਹੋ ਰਹੇ ਹਾਂ।

ਹੁਣ ਅਸੀਂ ਸਾਥੀਆਂ ਵਲੋਂ ਮਾਰਕਸੀ-ਲੈਨਿਨੀਆਂ ਦੇ ਇਕ ਸਾਂਝੇ ਖਰੜੇ ਜਿਹੜਾ ਆਪਸੀ ਸਿਧਾਂਤਕ ਘੋਲ ਚਲਾਉਣ ਅਤੇ ਇਸਦੇ ਨਬੇੜੇ ਦੀ ਪ੍ਰੀਕ੍ਰਿਆ ਪੂਰੀ ਕਰੇਗਾ, ਨੂੰ ਵਿਚਾਰ ਅਧੀਨ ਲੈਂਦੇ ਹਾਂ। ਖਰੜੇ ਚੋਂ 'ਮੌਜੂਦਾ

ਹਲਾਤਾਂ ਅਨੁਸਾਰ' ਪੈਮਾਨੇ ਦਾ (ੳ) ਇਕ ਆਮ ਤੇ ਰਸਮੀ ਸ਼ਰਤ ਪੇਸ਼ ਕਰਦਾ ਹੈ। ਇਹ ਆਮ ਵਿਚ ਠੀਕ ਹੈ। ਇਉਂ ਸਿੱਧੇ-ਸਾਧੇ ਰੂਪ ਵਿਚ ਇਸਦੀ ਪ੍ਰਵਾਨਗੀ, ਭਾਰਤ ਦੀ ਕਮਿਊਨਿਸਟ ਲਹਿਰ ਦੇ ਅਜੋਕੇ ਰਾਜਸੀ ਵਿਰੋਧਾਂ-ਭਾਰਤੀ ਇਨਕਲਾਬ ਦੇ ਪ੍ਰਸੰਗ ਵਿਚ ਉਤੇ ਕਾਬੂ ਪਾਉਣ ਲਈ ਨਾਂ ਕਾਫੀ ਹੈ। 1967 ਤੋਂ ਸਾਡੀ ਇਨ-ਕਲਾਬੀ ਲਹਿਰ ਦੀ ਅੱਜ ਤੱਕ ਦੀ ਕਾਰਕਰਦਗੀ ਜਾਂ ਕਾਰਗੁਜ਼ਾਰੀ ਇਹ ਗੱਲ ਚੰਗੀ ਤਰ੍ਹਾਂ ਸਾਬਤ ਕਰਦੀ ਹੈ। ਇਸ ਲਈ ਸਭ ਤੋਂ ਪਹਿਲਾਂ ਮਾਉ-ਵਿਚਾਰਧਾਰਾ ਦੇ ਸਥਾਪਤ ਲੋਕ ਜਮਹੂਰੀ ਇਨਕਲਾਬ ਦੇ ਸਿਧਾਂਤ ਦੀ ਰੌਸ਼ਨੀ ਵਿਚ, ਠੋਸ ਤਜਰਬੇ ਨੂੰ ਸਾਹਮਣੇ ਰੱਖਕੇ; ਬੀਤੇ ਨੂੰ ਮੁੜ ਪੜਤਾਲਣ ਅਤੇ ਮਾਰਕਸੀ ਦਰਿਸ਼ਟੀਕੋਣ ਗ੍ਰਹਿਣ ਕਰਨ ਦੀ ਲਗਾਤਾਰ ਪ੍ਰਕਿਰਿਆ ਵਿਚ ਬੀਤੇ ਦੇ ਹਾਂ-ਪੱਖ ਦੀ ਰਾਖੀ ਕਰਨ ਅਤੇ ਇਸਦੇ ਵਿਕਾਸ ਕਰਨ ਵਿਚ, ਬੀਤੇ ਦੀਆਂ ਗਲਤੀਆਂ ਨੂੰ ਪ੍ਰਵਾਨਣ ਅਤੇ ਪੜਚੋਲ ਕਰਨ ਤੇ ਠੀਕ ਕਰਨ ਵਿਚ ਉਤਸਕ ਤੇ ਗੰਭੀਰ ਹੋਣਾ ਜ਼ਰੂਰੀ ਹੈ। ਇਹ ਪਹੁੰਚ ਸਾਨੂੰ ਬੀਤੇ ਦਾਂ ਵਿਰੋਧ-ਵਿਕਾਸੀ ਨਿਖੇਧ ਕਰਦੇ ਹੋਏ, ਭਵਿੱਖ ਦੇ ਕੰਮਾਂ ਨੂੰ ਵਿਸ਼ਲੇਸ਼ਨਾਤਮਕ ਤੌਰ ਤੇ ਅਮੀਰ ਕਰਨ ਵਿਚ ਅਹਿਮ ਭੂਮਿਕਾ ਨਿਭਾਏਗੀ। ਇਹ ਪਹੁੰਚ ਤੰਗਨਜ਼ਰੀ ਤੇ ਮੌਕਾਪ੍ਰਸਤੀ ਵਿਰੁੱਧ ਘੋਲ ਦੁਆਰਾ ਵਿਕਸਿਤ ਕੀਤੀ ਜਾ ਸਕਦੀ ਹੈ। ਜੋ ਮਾਉ ਵਿਚਾਰਧਾਰਾ ਦੇ ਮੰਨਣ ਦੇ ਨਾਲ ਨਾਲ ਇਹ ਰੁਖ ਧਾਰਨਾ ਜ਼ਰੂਰੀ ਹੈ। ਅਤੇ ਇਸ ਖਰੜੇ ਵਲੋਂ ਚਲਾਈ ਜਾਣ ਵਾਲੀ ਬਹਿਸ ਦਾ ਮੁੱਖ ਉਦੇਸ਼ ਹੋਣਾ ਚਾਹੀਦਾ ਹੈ; ਭਾਰਤ ਦੇ ਲੋਕ ਜਮਹੂਰੀ ਇਨਕਲਾਬ ਦੇ ਅੱਤ-ਮਹੱਤਵਪੂਰਨ ਯੁੱਧ-ਨੀਤਕ, ਦਾਪੇਚੀ ਅਤੇ ਲੈਨਿਨੀ ਜਥੇਬੰਦਕ ਅਸੂਲਾਂ ਬਾਰੇ ਆਪਸੀ ਘੱਟੋ ਘੱਟ ਸਹਿਮਤੀ ਪ੍ਰਾਪਤ ਕਰਨੀ। ਸੋ ਸਾਡੀ ਸਮਝ ਅਨੁਸਾਰ ਕਮਿਊਨਿਸਟ ਇਨਕਲਾਬੀ ਇਉਂ ਕਰਨ ਨਾਲ ਅਮਲੀ ਅਤੇ ਪਰਪੱਕਤਾ ਵੱਲ ਵਿਕਸਿਤ ਹੋਣ ਵਾਲੀ ਏਕਤਾ ਅਤੇ ਇਨਕਲਾਬੀ ਲਹਿਰ ਦੀਆਂ ਸਿਆਸੀ ਸਮ-ਸਿਆਵਾਂ ਸਜੋਗਤਾ ਨਾਲ ਹੱਲ ਕਰਨ ਵੱਲ ਕਦਮ ਪੁੱਟ ਸਕਦੇ ਹਨ। ਅਸੀਂ ਏਕਤਾ ਲਈ ਸਿਧਾਂਤ ਤੇ ਅਮਲਾਂ ਦਾ ਮੇਲ ਬਿਠਾਉਣ ਲਈ ਇਹ ਢੰਗ ਅਖਤਿਆਰ ਕਰਨਾ ਠੀਕ ਸਮਝਦੇ ਹਾਂ।

ਸਾਥੀਆਂ ਵਲੋਂ ਖਰੜੇ ਲਈ ਪੇਸ਼ ਕੀਤੀਆਂ ਦੂਜੀਆਂ ਦੋ (ਅ) ਤੇ (ੲ) ਸ਼ਰਤਾਂ ਭਾਰਤ ਦੀ ਅਜੋਕੀ ਇਨਕਲਾਬੀ ਲਹਿਰ ਨੂੰ ਦਰਪੇਸ਼ ਸਮਸਿਆਵਾਂ ਤੇ ਮਾਰਕਸੀ ਲੈਨਿਨੀਆਂ ਦੀ ਏਕਤਾ ਲਈ, ਬੁਨਿਆਦੀ ਜਾਂ ਅੱਤ-ਮਹੱਤਵਪੂਰਨ ਸਵਾਲ ਨਹੀਂ ਹਨ। ਇਨਾਂ ਦੋਵਾਂ ਨੂੰ ਬਹਿਸ ਅਧੀਨ ਸ਼੍ਰੇਣੀ ਵਿਚ ਰਖਿਆ ਜਾਣਾ ਚਾਹੀਦਾ ਹੈ। ਇਨਾਂ ਸਵਾਲਾਂ ਨੂੰ ਭਾਰਤ ਦੀ ਇਕ ਜੁਟ ਕਮਿਊਨਿਸਟ ਲਹਿਰ ਚੰਗੀ ਤਰ੍ਹਾਂ ਸਮਝਣ ਅਤੇ ਨਜਿੱਠਣ ਦੇ ਸਮਰੱਥ ਤੇ ਕਾਬਲ ਹੋਵੇਗੀ। ਅੱਜ ਦੀ ਘੜੀ ਸਾਥੀਆਂ ਨੂੰ ਏਕਤਾ ਹਾਸਲ ਕਰਨ ਲਈ ਇਨ੍ਹਾਂ ਸਵਾਲਾਂ ਨੂੰ ਮੁਢਲੇ ਮੁੱਦੇ ਕਰਾਰ ਨਹੀਂ ਦੇਣਾ ਚਾਹੀਦਾ। ਅਸੀਂ ਫੇਰ ਜ਼ੋਰ ਨਾਲ ਕਹਿਣਾ ਚਾਹੁੰਦੇ ਹਾਂ ਕਿ ਭਾਰਤ ਦੀ ਕਮਿਊਨਿਸਟ ਲਹਿਰ ਦੇ ਅਜੋਕੇ ਸੰਕਟ ਜਾਂ ਬਿਖਰਾਉਂਦੇ ਇਹ ਦੋ ਸਵਾਲ ਅਸਲ ਕਾਰਣ ਨਹੀਂ ਹਨ। ਅਸੀਂ ਸਾਥੀਆਂ ਨੂੰ ਨਿਮਰਤਾ ਸਹਿਤ ਯਾਦ ਕਰਵਾਉਣਾ ਚਾਹੁੰਦੇ ਹਾਂ ਕਿ ਪਿਛਲੇ ਦੋ ਤਿੰਨ ਸਾਲਾਂ ਸਮੇਂ ਤੁਹਾਡੀ ਪਹਿਲੀ ਜਥੇਬੰਦੀ ਵੀ ਫੁੱਟ ਦਾ ਸ਼ਿਕਾਰ ਇਹਨਾਂ ਦੋ ਸਵਾਲਾਂ ਨੂੰ ਮੰਨਣ ਜਾਂ ਨਾਂ ਮੰਨਣ ਕਰਕੇ ਨਹੀਂ ਹੋਈ ਸੀ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਅੱਜ ਵੀ ਇਹ ਤਿੰਨੇ ਜਥੇਬੰਦੀਆਂ ਜਾਂ ਇਨ੍ਹਾਂ ਚੋਂ ਵੱਖ ਹੋਏ ਅਲੱਗ-2 ਵਿਚਰ ਰਹੇ ਵਿਅਕਤੀ ਵੀ ਤੁਹਾਡੇ ਵਲੋਂ ਪੇਸ਼ ਕੀਤੇ ਖਰੜੇ ਪੈਮਾਨੇ ਨਾਲ ਇਕ ਨਹੀਂ ਹੋ ਸਕਦੇ। ਤੁਸੀਂ ਏਕਤਾ ਦੇ ਇਛੁੱਕ ਹੁੰਦੇ ਹੋਏ ਵੀ ਬਹਿਸ-ਮੁਬਾਹਸੇ ਦੇ ਖਰੜਾ ਪੈਮਾਨੇ ਨੂੰ ਇਸ ਹੱਦ ਤੱਕ ਕਸ ਦਿੱਤਾ ਹੈ ਕਿ ਕੁਝ ਕੁ ਮਾਰਕਸੀ-ਲੈਨਿਨੀ ਦੀ ਤੁਹਾਡੇ ਖਰੜੇ ਉਤੇ ਚੜ੍ਹ ਸਕਦੇ ਹਨ।

ਸੋ ਤੁਹਾਡੇ ਵਲੋਂ ਪੇਸ਼ ਸਾਂਝੇ ਖਰੜੇ ਦੀਆਂ ਸ਼ਰਤਾਂ ਘੱਟੋ-ਘੱਟ ਅਧਾਰ ਨਹੀਂ ਬਣਦੀਆਂ ਸਗੋਂ ਵੱਧੋ ਵੱਧ ਅਧਾਰ ਬਣਦੀਆਂ ਹਨ।

ਵੱਲੋਂ :

ਮਾਰਕਸੀ ਵਿਚਾਰ ਮੰਚ, ਪਟਿਆਲਾ।

---


ਪੰਜਾਬ ਦੇ ਦੁਖਾਂਤ ਬਾਰੇ ਲੋਕਵਾਦੀ ਕਹਾਣੀਆਂ ਦਾ ਸੰਗ੍ਰਹਿ

## ਤੀਲੇ ਅਤੇ ਆਲ੍ਹਣਾ

ਪੰਜਾਬੀ ਕਹਾਣੀਕਾਰਾਂ ਨੂੰ ਬੇਨਤੀ ਹੈ ਕਿ ਉਹ 15 ਮਈ ਤਕ ਪੰਜਾਬ ਦੀ ਸਮਸਿਆ ਨਾਲ ਸਬੰਧਤ ਆਪਣੀ ਕਹਾਣੀ ਭੇਜ ਦੇਣ। ਇਹ ਸੰਗ੍ਰਹਿ ਪੰਜਾਬ ਲੋਕ ਸਭਿਆਚਾਰ ਮੰਚ ਵਲੋਂ ਸ਼ੀਘਰ ਹੀ ਪ੍ਰਕਾਸ਼ਤ ਕੀਤਾ ਜਾਵੇਗਾ।

ਕਹਾਣੀ ਭੇਜਣ ਦਾ ਪਤਾ—

**ਪ੍ਰੋ. ਭੁਪਿੰਦਰਦਵੀਰ ਨੌਸ਼ਹਿਰਵੀ (ਸੰਪਾਦਕ)**

ਕਵਿਤਾ ਭਵਨ, ਮਾਛੀਵਾੜਾ ਰੋਡ, ਸਮਰਾਲਾ—141114 (ਪੰਜਾਬ)

# ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਅਤੇ ਹੋਰ ਲੋਕ ਪੱਖੀ ਪ੍ਰਕਾਸ਼ਨ ਸੰਸਥਾਵਾਂ– ਸਾਹਿਤ ਨੂੰ ਇਕ ਲਹਿਰ ਬਨਾਉਣ ਦਾ ਉਪਰਾਲਾ

ਕਿਸੇ ਇਕ ਲੋਕਾਂ ਦੇ ਸਮੂਹ ਦੀ ਚੇਤਨਾਂ ਵਧਾਉਣ ਦਾ ਇਕ ਕਾਰਗਰ ਸਾਧਨ ਚੰਗੇ ਸਾਹਿਤ ਦਾ ਵਧ ਤੋਂ ਵਧ ਹੱਥਾਂ ਵਿਚ ਜਾਣਾ ਹੈ। ਇਸ ਪ੍ਰਸੰਗ ਵਿਚ ਅਸੀਂ ਜੇ ਉਪਰਲੀ ਉਪਰਲੀ ਝਾਤ ਹੀ ਮਾਰੀਏ ਤਾਂ ਪੰਜਾਬ ਦੇ ਲੋਕਾਂ ਦੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਸਾਹਿਤ ਦੀ ਹਾਲਤ ਨਿਰਾਸ਼ਾ ਵਾਲੀ ਹੈ। ਇਸ ਦਿਸ਼ਾ ਵਲ ਹਾਲਤ ਨੂੰ ਸੁਧਾਰਨ ਲਈ ਵਿਸ਼ੇਸ਼ ਉਪਰਾਲੇ ਦੀ ਲੋੜ ਹੈ। ਚੰਗਾ ਸਾਹਿਤ ਛਾਪਣਾ ਅਤੇ ਇਹਨੂੰ ਸੱਭਤੋ ਤੋਂ ਸੱਸਤੀ ਕੀਮਤ ਵਿਚ ਲੋਕਾਂ ਤਕ ਲੈ ਕੇ ਜਾਣਾ ਇਕੋ ਇਕ ਰਾਹ ਹੈ। ਇਹ ਰਾਹ ਕੋਈ ਵਪਾਰਕ ਅਦਾਰਾ ਨਹੀਂ ਅਪਣਾ ਸਕਦਾ। ਇਹ ਕੰਮ ਸਾਹਿਤ ਸਭਾਵਾਂ ਅਤੇ ਹੋਰ ਵਾਲੀਟੀਅਰ ਸੰਸਥਾਵਾਂ ਦਾ ਹੈ। ਬਲਰਾਜ ਸਾਹਨੀ ਯਾਦ-ਗਾਰ ਪ੍ਰਕਾਸ਼ਨ ਇਕ ਐਸਾ ਅਦਾਰਾ ਹੈ, ਜਿਸ ਨੇ ਉਪਰਲੀ ਦਸੀ ਦਿਸ਼ਾ ਵਲ ਅਜ ਤੋਂ 13 ਸਾਲ ਪਹਿਲਾਂ ਇਕ ਉਤਰਾਲਾ ਸ਼ੁਰੂ ਕੀਤਾ ਸੀ ਤੇ ਜਿਸ ਤੋਂ ਪ੍ਰੇਰਨਾ ਲੈ ਕੇ ਹੁਣ ਹੋਰ ਵੀ ਕੁਝ ਅਦਾਰੇ ਇਸ ਖੇਤ੍ਰ ਵਿਚ ਆਏ ਹਨ। ਇਹ ਉਪਰਾਲਾ ਹੁਣ ਇਕ ਲਹਿਰ ਬਣਨ ਦੀ ਸੰਭਾਵਨਾ ਰਖਦਾ ਹੈ। ਸੰਖੇਪ ਤੌਰ ਤੇ ਇਸ ਲਹਿਰ ਬਾਰੇ ਕੁਝ ਸ਼ਬਦ ਲਿਖੇ ਜਾ ਰਹੇ ਹਨ।

ਅਦਾਰਾ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵੱਲੋਂ ਛਾਪੀ ਗਈ ਪਹਿਲੀ ਕਿਤਾਬ ਪਾਸ਼ ਦੀ 'ਲੋਹ-ਕਥਾ' ਸੀ ਜੋ 1/- ਕੀਮਤ ਵਿਚ ਵਡੀ ਗਿਣਤੀ ਵਿਚ ਲੋਕਾਂ ਤਕ ਲਿਜਾਈ ਗਈ। ਪਾਸ਼ ਦੀ ਕਵਿਤਾ ਨੇ ਪੰਜਾਬੀ ਸਾਹਿਤ ਵਿਚ ਐਸੀ ਪੁਲੀਟੀਕਲ ਕਵਿਤਾ ਦਾ ਰੁਝਾਣ ਪੈਦਾ ਕੀਤਾ ਜਿਸ ਵਿਚ ਬਿਆਨ ਵੀ ਹੈ ਅਤੇ ਵਿਸ਼ੇਸ਼ ਕਿਸਮ ਦਾ ਬਿੰਬ ਵਿਧਾਨ ਵੀ ਹੈ। ਸੰਤ ਸੰਧੂ ਦੀ 'ਸੀਸ ਤਲੀ ਤੇ' ਇਸ ਸੰਸਥਾ ਦੀ ਹੋਰ ਕਿਤਾਬ ਸੀ ਜੋ ਪਾਸ਼ ਦੀ ਲੋਹ ਕਥਾ ਦੇ ਨਾਲ ਹੀ ਰੀਲੀਜ਼ ਕੀਤੀ ਗਈ। ਵਰਿਯਾਮ ਸੰਧੂ ਦੀ 'ਲੋਹੇ ਦੇ ਹੱਥ' ਵੀ ਪਹਿਲ ਪਹਿਲ ਇਸ ਸੰਸਥਾ ਵਲੋਂ ਛਾਪੀ ਗਈ। ਆਰੰਭ (ਸੰਪਾਦਕ ਮੋਹਨਜੀਤ), ਬੇੜੀਆਂ ਤੇ ਬਾਦਬਾਨ (ਸੰਪਾਦਕ ਪ੍ਰਮਿੰਦਰਜੀਤ ਅਤੇ ਸ਼ਹਰਯਾਰ) ਅਤੇ ਹੁਣ ਬੇ-ਸੁਰਾ ਮੌਸਮ (ਸੰਪਾਦਕ ਡਾ. ਕਰਮਜੀਤ ਸਿੰਘ) ਐਸੇ ਕਾਵਿ ਸੰਗ੍ਰਹਿ ਹਨ, ਜਿਨ੍ਹਾਂ ਨੇ ਸਮੇਂ ਦੀ ਇਨਕਲਾਬੀ ਪ੍ਰਗਤੀਵਾਦੀ ਕਵਿਤਾ ਨੂੰ ਇਕ ਥਾਂ ਇਕੱਠਾ ਕੀਤਾ। ਦਰਸ਼ਨ ਖਟਕੜ ਦੀ 'ਸੰਗੀ ਸਾਥੀ' ਵੀ ਇਸੇ ਪ੍ਰਕਾਸ਼ਨ ਸੰਸਥਾ ਦੀ ਦੇਣ ਹੈ। ਅਤਰਜੀਤ, ਪ੍ਰੇਮ ਗੋਰਖੀ, ਨਛੱਤਰ ਸਿੰਘ, ਬੂਟਾ ਸਿੰਘ ਕਲੇਰ ਦੀਆਂ ਪਹਿਲੀਆਂ ਕਿਤਾਬਾਂ ਵੀ ਇਸੇ ਸੰਸਥਾ ਵਲੋਂ ਛਾਪੀਆਂ ਗਈਆਂ। ਜਦੋਂ ਖੇਤ ਜਾਗੇ (ਕ੍ਰਿਸ਼ਨ ਚੰਦਰ) ਪਰਬਤੋਂ ਭਾਰੀ ਮੌਤ (ਅਨਿਲ ਬਰਵੇ), 1084 ਵੀਏਂ ਦਾ ਮਾਂ (ਮਹਾਸ਼ਵੇਤਾ ਦੇਵੀ), ਮੰਹਾਂ ਭੋਜ (ਮਨੂੰ ਭੰਡਾਰੀ)। ਇਹ ਸਾਰੇ ਨਾਵਲ ਅਨੁਵਾਦਕ ਰੂਪ ਵਿਚ ਬੜੀ ਸਸਤੀ ਕੀਮਤ ਵਿਚ ਲੋਕਾਂ ਤਕ ਲਿਜਾਏ ਗਏ। ਇਸੇ ਤਰ੍ਹਾਂ ਸੂਹੀ ਸਵੇਰ ਅਤੇ ਇਤਿਹਾਸਕ ਪਦਾਰਥਵਾਦ ਵਰਗੀਆਂ ਰਚਨਾਵਾਂ ਜਿਹੜੀਆਂ ਮਾਰਕਸ-ਵਾਦ ਦੇ ਮੁੱਢਲੇ ਗਿਆਨ ਨੂੰ ਬੜੀ ਸਰਲ ਬੋਲੀ ਵਿਚ ਲੋਕਾਂ ਤਕ ਪੁਚਾਂਦੀਆਂ ਹਨ, ਵਡੀ ਗਿਣਤੀ ਵਿਚ ਪੰਜਾਬੀ ਪਾਠਕਾਂ ਤਕ ਪੁਜਦੀਆਂ ਕੀਤੀਆ ਗਈਆਂ। ਸੰਤ ਰਾਮ ਉਦਾਸੀ ਦੇ ਗੀਤਾਂ ਦੀਆਂ ਕਿਤਾਬਾਂ ਹਜ਼ਾਰਾਂ ਦੀ ਗਿਣਤੀ ਵਿਚ ਛਾਪੀਆਂ ਗਈਆਂ। ਪਿਛਲੇ 10 ਸਾਲਾਂ ਵਿਚ 85 ਦੇ ਕਰੀਬ ਟਾਈਟਲ ਛਾਪੇ ਗਏ। ਨਿਰੇ ਛਾਪੇ ਹੀ ਨਹੀਂ ਗਏ ਸਗੋਂ ਮੋਢਿਆਂ ਤੇ ਥੈਲੇ ਚੁੱਕਕੇ ਬੱਸਾਂ ਵਿਚ ਧੱਕੇ ਖਾਂਦੇ ਨਾਟਕ ਅਤੇ ਸਾਹਿਤਕ ਸਮਾਗਮਾਂ ਵਿਚ ਲੋਕਾਂ ਤਕ ਪੁੱਜਦੇ ਕੀਤੇ ਗਏ। ਪਰ ਇਹ ਉਪਰਾਲਾ ਬਿਲਕੁਲ ਕਾਫ਼ੀ ਨਹੀਂ ਸੀ ਅਤੇ ਨਾ ਹੀ ਇਹ ਕਿਸੇ ਇਕੱਲੀ ਕਾਰੀ ਸੰਸਥਾ ਦੇ ਵੱਸ ਦਾ ਰੋਗ ਹੈ। ਇਹ ਖੁਸ਼ੀ ਦੀ ਗੱਲ ਹੈ ਕਿ ਇਸੇ ਸੇਧ ਵਿਚ ਕੰਮ ਕਰਨ ਲਈ ਹੁਣ ਬਹੁਤ ਸਾਰੀਆਂ ਸੰਸਥਾਵਾਂ ਮੈਦਾਨ ਵਿਚ ਆ ਗਈਆਂ ਹਨ, ਜਿਨ੍ਹਾਂ ਦਾ ਜ਼ਿਕਰ ਇਥੇ ਕਰਨਾ ਜ਼ਰੂਰੀ ਹੈ।

1. ਪੰਜਾਬ ਲੋਕ ਸਭਿਆਚਾਰ ਮੰਚ ਦੀ ਪ੍ਰਕਾਸ਼ਨ ਕਮੇਟੀ ਨੇ ਥੋੜੇ ਜਿਹੇ ਸਮੇਂ ਵਿਚ ਕੁਝ ਬੜੀਆਂ ਹੀ ਪ੍ਰਭਾਵਸ਼ਾਲੀ ਕਿਤਾਬਾਂ ਪਬਲਿਸ਼ ਕੀਤੀਆਂ ਹਨ। 'ਪਹੁੰਚੇ ਹਾਂ ਕਿਸ ਮੁਕਾਮ ਤੇ' ਜੋ ਪੰਜਾਬ ਦੀ ਸਥਿਤੀ ਤੇ ਵੱਖ ਵੱਖ ਕਵੀਆਂ ਦਾ ਕਾਵਿਕ ਪ੍ਰਤੀਕਰਮ ਹੈ ਅਤੇ ਜਿਸਨੂੰ ਗੁਰਸ਼ਰਨ ਸਿੰਘ ਅਤੇ ਪ੍ਰਮਿੰਦਰਜੀਤ ਨੇ ਸਪਾਦਨ ਕੀਤਾ, ਇਸ ਸੰਸਥਾ ਦੀ ਪਹਿਲੀ ਦੇਣ ਸੀ। ਇਸ ਕਿਤਾਬ ਨੂੰ ਆਲੋਚਕਾਂ ਵਲੋਂ ਸਾਲ 1984 ਦੀ ਸਾਰਿਆਂ ਨਾਲੋਂ ਮਹਤਵਪੂਰਣ ਸਾਹਿ-ਤਕ ਦੇਣ ਮੰਨਿਆ ਗਿਆ ਹੈ। ਮੇਰੀ ਟਾਇਲਰ ਦੀ 'ਭਾਰਤੀ ਜੇਲ੍ਹਾਂ ਵਿਚ ਮੇਰੇ ਪੰਜ ਵਰ੍ਹੇ' ਇਸ ਸੰਸਥਾ ਦੀ ਦੂਜੀ ਦੇਣ ਸੀ। ਇਸ ਕਿਤਾਬ ਦਾ ਪੰਜਾਬੀ ਪਾਠਕਾਂ ਨੇ ਪੁਰ ਜ਼ੋਰ ਸਵਾਗਤ ਕੀਤਾ ਹੈ। 10/- ਦੀ ਕੀਮਤ ਵਿਚ ਇਸ ਵੱਡੀ ਕਿਤਾਬ ਦੀ ਪਹਿਲੀ ਐਡੀਸ਼ਨ ਚਾਰ ਮਹੀਨਿਆਂ ਵਿਚ ਹੀ ਮੁਕਣ ਤੇ ਆ ਗਈ ਹੈ। ਇਸ ਪ੍ਰਕਾਸ਼ਨ ਦੀਆਂ ਹੋਰ ਪੁਸਤਕਾਂ ਮਲਾਹਾਂ ਦੀ ਹੇਕ ਤੇ (ਕਾਵਿ ਸੰਗ੍ਰਹਿ), ਹਮਾਇਤੀ (ਕਹਾਣੀ ਸੰਗ੍ਰਿਹ) ਜਾਗ ਜਾਗ 'ਓ ਲੋਕਾ (ਗੀਤ ਸੰਗ੍ਰਿਹ) ਵੀ ਬੜੀਆਂ ਹਰਮਨ ਪਿਆਰੀਆਂ ਹੋਈਆਂ ਹਨ। ਇਸ ਸੰਸਥਾ ਨੇ

ਫੈਸਲਾ ਲਿਆ ਹੈ ਕਿ ਅਪਣੇ ਮੁੱਢਲੇ ਯਤਨਾਂ ਵਿਚ ਉਹ ਸੰਸਾਰ ਦੇ ਕਲਾਸੀਕਲ ਸਾਹਿਤ ਨੂੰ ਅਨੁਵਾਦ ਕਰਕੇ ਲੋਕਾਂ ਤਕ ਲਿਜਾਏਗੀ ਅਤੇ ਨਾਲ ਹੀ ਪੰਜਾਬੀ ਸਾਹਿਤ ਦੀ ਚੋਣਵੀਆਂ ਲਿਖਤਾਂ ਸੰਗ੍ਰਹਿ (Anthocogy) ਦੇ ਰੂਪ ਵਿਚ ਛਾਪੇਗੀ। ਇਸ ਤਰ੍ਹਾਂ ਇਕ ਵੱਡੀ ਕਿਤਾਬ ਹਰ ਸਾਲ ਵੱਖ ਵੱਖ ਮੈਗਜ਼ੀਨਾਂ ਵਿਚ ਛੱਪੀਆਂ ਚੋਣਵੀਆਂ ਕਿਰਤਾਂ ਨੂੰ ਇਕ ਸੰਗ੍ਰਹਿ ਦੇ ਰੂਪ ਵਿਚ ਮੰਚ ਦੇ ਜਨਵਰੀ 'ਚ ਕੀਤੇ ਗਏ ਸੂਬਾਈ ਸਮਾਗਮ ਤੇ ਰੀਲੀਜ਼ ਕੀਤਾ ਜਾਇਆ ਕਰੇਗਾ। 26 ਜਨਵਰੀ ਦੇ ਸੂਬਾਈ ਸਮਾਗਮ ਤੇ ਵੱਖ ਵੱਖ ਸਟਾਲਾਂ ਤੇ 7000/- ਦੀਆਂ ਕਿਤਾਬਾਂ ਵਿਕੀਆਂ, ਜੋ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਲੋਕਾਂ ਵਿਚ ਚੰਗੇ ਸਾਹਿਤ ਦੀ ਪੜਨ ਰੁਚੀ ਮੌਜੂਦ ਹੈ, ਜੇ ਇਹ ਸਹੀ ਢੰਗ ਨਾਲ ਲੋਕਾਂ ਤੱਕ ਪੁਚਾਇਆ ਜਾਏ।

ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨੇ ਵੀ ਆਪਣੇ 1985 ਦੇ ਮਿਥੇ ਹੋਏ ਸਾਲਾਨਾ ਕੰਮਾਂ ਵਿਚ ਇਕ ਸਾਲ ਵਿਚ ਘੱਟ ਤੋਂ ਘੱਟ ਚਾਰ ਚੋਣਵੀਆਂ ਕਿਤਾਬਾਂ ਲੋਕਾਂ ਤੱਕ ਲਿਜਾਣ ਦਾ ਨਿਸ਼ਾਨਾ ਮਿਥਿਆ ਹੈ। ਇਸ ਸੰਸਥਾ ਵਲੋਂ ਛਾਪੀ ਪ੍ਰਸਿੱਧ ਕਿਤਾਬ 'ਚਮਕਦਾ ਲਾਲ ਸਿਤਾਰਾ' ਅਤੇ ਲੋਕ ਗੀਤਕਾਰ ਰਘਵੀਰ ਰਾਹੀ (ਜੋ ਭਰ ਜਵਾਨੀ ਦੀ ਉਮਰ੍ਹ ਵਿਚ ਹੀ ਸਾਡੇ ਤੋਂ ਵਿਛੜ ਗਿਆ ਹੈ) ਦੇ ਗੀਤ ਛਾਪ ਕੇ ਇਕ ਬਹੁਤ ਹੀ ਵਧੀਆ ਉਪਰਾਲਾ ਕੀਤਾ ਹੈ।

ਪੰਜਾਬ ਦੀ ਰੈਸ਼ਨਲਿਸਟ ਸੋਸਾਇਟੀ ਇਕ ਹੋਰ ਸੰਸਥਾ ਹੈ, ਜਿਹੜੀ ਚੰਗੀਆਂ ਕਿਤਾਬਾਂ ਨੂੰ ਛਾਪਣੇ ਦਾ ਇਕ ਵਧੀਆ ਉਪਰਾਲਾ ਕਰ ਰਹੀ ਹੈ ਤਾਂ ਜੋ ਤੱਤਕ ਅਤੇ ਗਿਆਨ ਨੂੰ ਲੋਕਾਂ ਤੱਕ ਪੁੱਜਦਾ ਕੀਤਾ ਜਾ ਸਕੇ। ਇਸ ਸੰਸਥਾ ਵਲੋਂ ਪਹਿਲੀ ਕਿਤਾਬ 'ਦੇਵ ਪੁਰਸ਼ ਹਾਰ ਗਏ' ਦਾ ਜਿਸ ਤਰ੍ਹਾਂ ਪੰਜਾਬੀ ਪਾਠਕਾਂ ਵਿਚ ਸਵਾਗਤ ਕੀਤਾ ਗਿਆ ਹੈ ਇਹ ਆਪਣੇ ਆਪ ਵਿਚ ਇਕ ਮਿਸਾਲ ਹੈ। ਇਸ ਸੰਸਥਾ ਦੀ ਅਗਲੀ ਕਿਤਾਬ 'ਦੇਵ, ਦੈਂਤ ਅਤੇ ਰੂਹਾਂ' ਜੋ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੇ ਸਹਿਯੋਗ ਨਾਲ ਛਾਪੀ ਜਾ ਰਹੀ ਹੈ, ਪਲਸ ਮੰਚ ਦੇ ਰਾਮਪੁਰਾਫੂਲ ਦੇ ਸਮਾਗਮ ਤੇ 19 ਮਈ ਨੂੰ ਰੀਲੀਜ਼ ਕੀਤੀ ਜਾ ਰਹੀ ਹੈ।

ਪਟਿਆਲਾ ਦੇ ਕੁਝ ਸਾਥੀ ਵਿਗਿਆਨਿਕ ਦ੍ਰਿਸ਼ਟੀ-ਕੋਣ ਨਾਲ ਮਹੱਤਵਪੂਰਵ ਦਸਤਾਵੇਜ਼ ਛਾਪਣ ਦਾ ਉਪਰਾਲਾ ਕਰ ਰਹੇ ਹਨ, ਇਹਨਾਂ ਵਲੋਂ ਪਹਿਲੇ ਇਕ ਦਸਤਾਵੇਜ਼ 'ਪਰਿਵਾਰ ਨਿਯੋਜਨ ਤੇ ਗਰੀਬੀ—ਇਕ ਸਵਾਲ' ਛਾਪਿਆ ਗਿਆ ਸੀ। 'ਦੋਸ਼ੀ ਕੌਣ' ਜੋ ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਪ੍ਰਕਾਸ਼ਨਾ ਹੈ, ਉਹ ਵੀ ਪਟਿਆਲਾ ਦੇ ਇਹਨਾਂ ਸਾਥੀਆਂ ਦੀ ਪਹਿਲ ਕਦਮੀ ਕਰਕੇ ਛਾਪੀ ਗਈ। ਭੂਪਾਲ ਗੈਸ ਕਾਂਡ ਬਾਰੇ ਇਕ ਵਿਗਿਆ-ਨਿਕ ਦ੍ਰਿਸ਼ਟੀਕੋਣ ਨਾਲ ਛਾਪੀ ਦਸਤਾਵੇਜ਼ ਵੀ ਹੁਣ ਲੋਕਾਂ ਵਿਚ ਆ ਰਹੀ ਹੈ। ਇਹ ਆਪਣੇ ਆਪ ਵਿਚ ਇਕ ਮਹੱਤਵਪੂਰਵ ਦਸਤਾਵੇਜ਼ ਹੋਵੇਗੀ, ਜਿਸ ਵਿਚ ਬਹੁ-ਕੌਮੀ ਕੰਪਨੀਆਂ ਵਲੋਂ ਤੀਸਰੀ ਦੁਨੀਆਂ ਦੀ ਲੁੱਟ, ਕੀੜੇ ਮਾਰ ਦਵਾਈਆਂ ਦਾ ਅਸਰ ਅਤੇ ਖੇਤੀ ਵਿਚ ਹਰੇ ਇਨਕਲਾਬ ਲਿਆਉਣ ਲਈ ਵਰਤੇ ਗਏ ਬੀਜ ਜੋ ਬਗੈਰ ਕੀੜੇ ਮਾਰੇ ਦਵਾਈ ਵਰਤੇ ਫਸਲ ਨਹੀਂ ਦੇ ਸਕਦੇ, ਇਹਨਾਂ ਪਹਿਲੂਆਂ ਬਾਰੇ ਸੰਸਾਰ ਭਰਦੇ ਲੋਟੂਆਂ ਦੀ ਸਾਜ਼ਿਸ਼ ਨੂੰ ਨੰਗਿਆ ਕਰੇਗੀ। ਇਹਨਾਂ ਸਾਥੀਆਂ ਦੇ ਇਹ ਉਪਰਾਲੇ ਇਤਿਹਾਸਕ ਮਹੱਤਤਾ ਰੱਖਦੇ ਹਨ।

ਇਕ ਹੋਰ ਪ੍ਰਕਾਸ਼ਨ ਸੰਸਥਾ ਦਰਸ਼ਨ ਪੂਹਲੀ, ਸੁਦਰਸ਼ਨ ਨੱਤ ਅਤੇ ਹੋਰ ਸਾਥੀਆਂ ਦੀ ਪਹਿਲ ਕਦਮੀ ਕਰਕੇ ਹੋਂਦ ਵਿਚ ਆਈ ਹੈ। ਇਹਨਾਂ ਦੀ ਪਹਿਲੀ ਦੇਣ ਸ਼ਹੀਦ ਭਗਤ ਸਿੰਘ ਦੀਆਂ ਮੁਕੰਮਲ ਲਿਖਤਾਂ ਇਕ ਜਿਲਦ ਵਿਚ ਇਕੱਠੀਆਂ ਕਰਕੇ ਛਾਪਣ ਵਿਚ ਹੋਵੇਗੀ, ਇਹਦੇ ਵਾਸਤੇ ਉਹਨਾਂ ਨਾਲ ਸ਼ਹੀਦ ਭਗਤ ਸਿੰਘ ਖੋਜ ਕਮੇਟੀ ਪੂਰਾ ਰਾਬਤਾ ਕਾਇਮ ਕਰ ਰਹੀ ਹੈ। ਇਸਤੋਂ ਬਾਅਦ ਹੋਰ ਇਨਕਲਾਬੀ ਲਿਖਤਾਂ ਨੂੰ, ਜੋ ਵਧੀਆ ਸਾਹਿਤ ਹਨ, ਛਾਪਣਾ ਇਸ ਸੰਸਥਾ ਦਾ ਪ੍ਰੋਗਰਾਮ ਹੋਵਗਾ।

ਇਥੇ ਰੈਡੀਕਲ ਪਬਲੀਕੇਸ਼ਨ ਮੋਗਾ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਸੰਸਥਾ ਦੀ ਪਹਿਲੀ ਦੇਣ 'ਯੁੱਧ ਦਾ ਗੀਤ' (ਮਹਾ ਸ਼ਵੇਤਾ ਦੇਵੀ ਦੇ ਨਾਵਲ ਅੰਕਲਾਤ ਕੌਰਵ ਦਾ ਪੰਜਾਬੀ ਰੂਪ—ਅਨੁਵਾਦਕ ਬਲਬੀਰ ਪ੍ਰਵਾਨਾ) ਮਾਰਕੀਟ ਵਿਚ ਆ ਗਈ ਹੈ। ਆਦਿ ਵਿਦਰੋਹੀ ਸਪਾਰ-ਟਾਕਸ ਅਤੇ ਇਕ ਟੋਪਾ ਧਾਨ ਇਸ ਅਦਾਰੇ ਦੀਆਂ ਆਉਣ ਵਾਲੀਆਂ ਪੁਸਤਕਾਂ ਹਨ।

ਇਹਨਾਂ ਸਾਰੀਆਂ ਸੰਸਥਾਵਾਂ ਦਾ, ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ, ਨਿਸ਼ਾਨਾ ਚੰਗੇ ਸਾਹਿਤ ਨੂੰ ਲੋਕਾਂ ਤੱਕ ਪੁਚਾਣਾ ਅਤੇ ਇਕ ਨਵੀਂ ਚੇਤਨਾ ਪੈਦਾ ਕਰਨਾ ਹੈ। ਇਹਨਾਂ ਦਾ ਹੋਂਦ ਵਿਚ ਆਉਣਾ ਪੰਜਾਬ ਦੇ ਸਭਿਆ-ਚਾਰਕ ਦ੍ਰਿਸ਼ ਵਿਚ ਇਕ ਸਿਫਤੀ ਤਬਦੀਲੀ ਆਉਣ ਦਾ ਸੰਕੇਤ ਹੈ।

ਇਸ ਨੋਟ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਭਾਸ਼ਾ ਵਿਭਾਗ ਪੰਜਾਬ ਦੇ ਯਤਨਾਂ ਦਾ ਵੀ ਜ਼ਿਕਰ ਜ਼ਰੂਰੀ ਸਮਝਦਾ ਹਾਂ। ਪਿਛਲੇ ਕੁਝ ਸਾਲਾਂ ਵਿਚ ਇਹਨਾਂ ਨੇ ਬਾਂਹੀ ਭਾਰਤ ਅਤੇ ਸੰਸਾਰ ਭਰ ਦੇ ਚੰਗੇ ਸਾਹਿਤ ਦੇ ਪੰਜਾਬੀ ਅੰਨਵਾਦ ਛਾਪੇ ਹਨ। ਸਰਕਾਰੀ ਮਹਿਕਮਾ ਹੋਣ ਕਰਕੇ ਇਸ ਮਹਿਕਮੇ ਵਲੋਂ ਛਾਪੀਆਂ ਕਿਤਾਬਾਂ ਲੋਕਾਂ ਤੱਕ ਨਹੀਂ ਪੁੱਜ ਰਹੀਆਂ। ਜੇਕਰ ਲੋਕ ਪੱਖੀ ਸੰਸਥਾਵਾਂ ਇਸ ਮਹਿਕਮੇ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਇਸ ਮਹਿਕਮੇ ਵਲੋਂ ਛਪੀਆਂ ਚੋਣਵੀਆਂ ਕਿਤਾਬਾਂ ਲੋਕਾਂ ਤੱਕ

ਲਿਆ ਸਕਣ ਤਾਂ ਇਹ ਉਹਨਾਂ ਦੇ ਮਿਸ਼ਨ ਵਿਚ ਵਾਧਾ ਹੋਵੇਗਾ। ਜ਼ੋਲਾ ਦੀ 'ਜਰਮੀਨਲ' ਵਰਗੀਆਂ ਕਲਾਸੀਕਲ ਲਿਖਤਾਂ ਇਸ ਮਹਿਕਮੇ ਤੋਂ ਬੜੀ ਵਾਜਬ ਕੀਮਤ ਤੇ ਮਿਲ ਸਕਦੀਆਂ ਹਨ।

ਅੰਤ ਵਿਚ ਮੈਂ ਏਨਾਂ ਹੀ ਕਹਾਂਗਾ ਕਿ ਸਾਡੇ ਸਾਰਿਆਂ ਦਾ ਭਾਵੇਂ ਅਸੀਂ ਕਲਚਰਲ ਮੁਹਾਜ਼ ਤੇ ਕੰਮ ਕਰ ਰਹੇ ਹਾਂ ਜਾਂ ਸਾਹਿਤ ਸਭਾਵਾਂ ਵਿਚ ਕੰਮ ਕਰ ਰਹੇ ਹਾਂ, ਇਹ ਯਤਨ ਹੋਣਾ ਚਾਹੀਦਾ ਹੈ ਕਿ ਪੰਜਾਬੀ ਸਾਹਿਤ ਨੂੰ ਲਾਇਬਰੇਰੀਆਂ ਦੇ ਭ੍ਰਿਸ਼ਟ ਪ੍ਰਬੰਧ ਤੋਂ ਬਚਾਈਏ। ਇਹ ਭ੍ਰਿਸ਼ਟ ਪ੍ਰਬੰਧ ਹੀ ਕਾਰਨ ਹੈ ਕਿ ਚੰਗੇ ਤੋਂ ਚੰਗਾ ਸਾਹਿਤ ਲੋਕਾਂ ਤੱਕ ਪੁੱਜਣ ਤੋਂ ਅਸਮਰੱਥ ਹੋ ਰਿਹਾ ਹੈ। ਲਾਇਬਰੇਰੀਆਂ ਵਿਚ ਬੈਠੇ ਸਾਡੇ ਚੇਤਨ ਲੋਕਾਂ ਦਾ ਵੀ ਫਰਜ਼ ਹੈ ਕਿ ਇਸ ਰੈਕਟ ਨੂੰ ਮੁਕਾਉਣ ਵਿਚ ਆਪਣਾ ਯੋਗਦਾਨ ਪਾਉਣ। ਕਿਸੇ ਇਕ ਕਿਤਾਬ ਦਾ 40/- ਜਾਂ ਇਸਤੋਂ ਵੀ ਵੱਧ ਮੁੱਲ ਰੱਖਣਾ ਇਕ ਰੈਕਟ ਤੋਂ ਸਿੱਧਾ ਕੁਝ ਨਹੀਂ। ਇਸ ਰੈਕਟ ਵਿਚ ਕਿਸੇ ਇਕ ਤੇ ਇਲਜ਼ਾਮ ਉਂਗਲ ਰੱਖਣੀ ਮੁਸ਼ਕਿਲ ਹੈ। ਇਹ ਜਾਣਦੇ ਹੋਏ ਕਿ ਅਸੀਂ ਇਸ ਵਿਚ ਬਹੁਤਾ ਕੁਝ ਨਹੀਂ ਕਰ ਸਕਦੇ। ਇਸਦਾ ਇਕ ਜਵਾਬ ਲੋਕ ਪੱਖੀ ਅਦਾਰਿਆਂ ਨੂੰ ਵੱਧ ਤੋਂ ਵੱਧ ਸਰਗਰਮ ਕਰਕੇ ਹੀ ਦੇ ਸਕਦੇ ਹਾਂ। ਸਾਹਿਤ ਦਾ ਇਕ ਲਹਿਰ ਬਣਨਾ ਜ਼ਰੂਰੀ ਹੈ।

—ਗੁਰਸ਼ਰਨ ਸਿੰਘ

## ਖ਼ੂਨੀ ਚੇਹਰਾ ਬੇ-ਨਕਾਬ

7 ਅਪ੍ਰੈਲ, 1985 ਨੂੰ ਪ੍ਰੇਮ ਕੁਮਾਰ ਦੀ ਬੀ. ਐਸ. ਐਫ. ਦੀ ਗੋਲੀ ਨਾਲ ਹਲਾਕ ਹੋਣ ਦੀ ਕਹਾਣੀ ਨਿਰਾ ਕੁਫ਼ਰ ਹੈ ਜੋ ਹਕੀਕਤ ਤੋਂ ਸੌ ਕੋਹਾਂ ਦੂਰ ਹੈ। ਤੱਥ ਇਸ ਥੋਥ ਤੇ ਝੂਠ ਨੂੰ ਚਿੱਟੇ ਦਿਨ ਵਾਂਗ ਨੰਗਾ ਕਰਦੇ ਹਨ :

ਮੋਗੇ ਤੋਂ 6 ਮੀਲ ਦੂਰ ਕੋਟ-ਕਪੂਰਾ ਸੜਕ ਦੇ ਲਾਗੇ ਪਿੰਡ ਸਿੰਘ ਵਾਲਾ ਜਿਥੇ ਬੀ. ਐਸ. ਐਫ. ਦੀ ਚੌਕੀ ਤਾਇਨਾਤ ਹੈ, ਦੀ ਹਰ ਗਲੀ, ਹਰ ਮੋੜ, ਹਰ ਧੜਕਦੀ ਜਿੰਦ, ਚੀਕ ਚੀਕ ਇਸ ਝੂਠੀ ਕਹਾਣੀ ਦਾ ਪਰਦਾ-ਫਾਸ਼ ਕਰ ਰਹੀ ਹੈ।

ਪ੍ਰੇਮ ਕੁਮਾਰ ਇਸ ਪਿੰਡ ਦਾ ਵਾਸੀ, ਜੋ ਆਪਣੀ ਵਿਧਵਾ ਮਾਂ ਨਾਲ, ਮਿਹਨਤ, ਮੁਸ਼ੱਕਤ ਕਰਕੇ ਇਸ ਤੰਗੀ-ਤਰੁਸ਼ੀਆਂ ਮਾਰੀ ਜ਼ਿੰਦਗੀ ਦੀ ਗੱਡੀ ਰੇੜ੍ਹ ਰਿਹਾ ਸੀ ਤੇ ਵਿਧਵਾ ਮਾਂ ਦਾ ਇਕੋ ਸਹਾਰਾ ਸੀ, ਨੂੰ 5/4/85 ਨੂੰ ਠੀਕ ਨੌ ਵਜੇ ਜਦੋਂ ਕਿਸੇ ਦੇ ਘਰੋਂ ਟੀ. ਵੀ. ਦੇਖ ਕੇ ਆ ਰਿਹਾ ਸੀ ਤਾਂ ਸਾਰੇ ਨਾਲ ਵਾਲੇ ਸਾਥੀਆਂ ਵਿਚੋਂ ਬੀ.ਐਸ.ਐਫ. ਦੇ ਜੁਆਨਾਂ ਨੇ ਟਾਰਚ ਨਾਲ ਪਹਿਚਾਣ ਕੇ ਗੋਲੀਆਂ ਨਾਲ ਭੁੰਨ ਦਿੱਤਾ। ਉਸ ਦੀ ਲਾਸ਼ ਨੂੰ ਘਸੀਟ ਕੇ ਬਾਹਰ ਖੇਤਾਂ ਵਿਚ ਲੈ ਗਏ ਤੇ ਕਹਾਣੀ ਘੜ ਲਈ ਕਿ ਇਹ ਸਿਪਾਹੀ ਦੀ ਅਚਾਨਕ ਗੋਲੀ ਚਲਣ ਕਾਰਨ ਮਰ ਗਿਆ। ਉਸ ਦੀ ਬੇਸਹਾਰਾ ਮਾਂ ਤੇ 22 ਦਿਨ ਪਹਿਲਾਂ ਵਿਆਹੀ ਪਤਨੀ ਰੋਂਦੀਆਂ ਕੁਰਲਾਉਂਦੀਆਂ ਰਹਿ ਗਈਆਂ।

ਇਹ ਕਹਿਰ ਕਿਸ ਤਰ੍ਹਾਂ ਵਾਪਰਿਆ। ਉਸੇ ਪਿੰਡ ਦੇ ਇਕ ਬਦਨਾਮ ਫੌਜੀ ਨਾਲ ਪ੍ਰੇਮ ਕੁਮਾਰ ਦੀ ਕਿਸੇ ਕਾਰਨ ਅੱਖ ਮੈਲੀ ਸੀ। ਇਸ ਤੋਂ ਪਹਿਲਾਂ ਉਸ ਨੇ ਉਸ ਨੂੰ ਡਰਾਇਆ ਧਮਕਾਇਆ ਸੀ ਉਹ ਕਿਤੇ ਹੋਰ ਥਾਂ ਰਹਿਣ ਲਗ ਪਿਆ ਸੀ। ਪਰ ਵਿਆਹ ਹੋਣ ਉਪਰੰਤ ਉਹ ਆਪਣੀ ਮਾਂ ਨਾਲ ਇਸ ਪਿੰਡ ਰਹਿਣ ਲੱਗਾ ਤੇ ਮੇਹਨਤ ਮਜ਼ਦੂਰੀ ਕਰਕੇ ਰੋਜ਼ੀ ਕਮਾਉਂਦਾ ਸੀ।

ਉਸ ਬਦਨਾਮ ਫੌਜੀ ਨੇ ਪ੍ਰੇਮ ਦਾ ਕੰਢਾ ਕੱਢਣ ਲਈ ਬੀ.ਐਸ.ਐਫ. ਵਾਲਿਆਂ ਨਾਲ ਗੰਢ-ਤੁਪ ਕੀਤੀ ਤੇ ਉਸ ਤੋਂ ਪੈਸੇ ਲੈ ਕੇ, ਲੋਕਾਂ ਦੀ ਜਾਨ ਮਾਲ ਦੇ ਰਾਖਿਆਂ ਨੇ ਮਸੂਮ ਨੂੰ ਗੋਲੀਆਂ ਨਾਲ ਭੁੰਨ ਕੇ ਆਪਣੇ ਅਸਲੀ ਕਿਰਦਾਰ ਨੂੰ ਨੰਗਾ ਕਰ ਦਿੱਤਾ। ਲੋਕਾਂ ਸਾਹਮਣੇ ਸਪਸ਼ਟ ਕਰ ਦਿੱਤਾ ਕਿ ਇਸ ਤਰ੍ਹਾਂ ਤੁਹਾਡੇ ਜਾਨ ਮਾਲ ਦੀ ਰਾਖੀ ਕੀਤੀ ਜਾਇਆ ਕਰੇਗੀ।

ਪਿੰਡ ਦੇ ਲੋਕਾਂ ਨੇ ਸੁਰੱਖਿਆ ਮਾਮਲੇ ਦੇ ਇਸ ਕੋਹਝੇ ਕਾਰਨਾਮੇ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਤੇ ਆਸੇ ਪਾਸੇ ਵੀ ਹਾਹਾਕਾਰ ਮਚ ਗਈ ਤੇ ਮਜਬੂਰ ਹੋ ਕੇ ਉੱਚ ਅਧਿਕਾਰੀਆਂ ਨੂੰ ਉਥੇ ਆਉਣਾ ਪਿਆ—ਅਧਿਕਾਰੀ ਸਭ ਕੁਝ ਦੇਖ ਗਏ ਤੇ ਅਸਲੀਅਤ ਉਜਾਗਰ ਹੋ ਗਈ ਪਰ ਇਸਦੇ ਬਾਵਜੂਦ ਉਹ ਇਸ ਗੱਲ ਨੂੰ ਛਪਾਉਣ ਲਈ ਇਹੋ ਰੱਟ ਲਾਈ ਜਾ ਰਹੇ ਹਨ ਕਿ ਜਾਂਚ ਪੜਤਾਲ ਕਰਵਾਈ ਜਾਵੇਗੀ।

ਅੱਜ ਅਸੀਂ, ਪ੍ਰੇਮ ਕੁਮਾਰ ਦੀ ਬੇਸਹਾਰਾ, ਲਾਚਾਰ ਵਿਧਵਾ ਮਾਂ, ਤੇ ਉਸ ਦੀ ਨਵ-ਵਿਆਹੀ ਪਤਨੀ ਜਿਸਦੀ ਅਜੇ ਮਹਿੰਦੀ ਵੀ ਨਹੀਂ ਲੱਥੀ, ਪੰਜਾਬ ਦੇ ਸਾਰੇ ਅਮਨ-ਪਸੰਦ ਤੇ ਇਨਸਾਫ ਪਸੰਦ ਲੋਕਾਂ ਨੂੰ ਅਪੀਲ ਕਰਦੀਆਂ ਹਾਂ ਕਿ ਸਾਡੇ ਤੇ ਢਾਹੇ ਗਏ ਅਤਿ ਘਿਨਾਉਣੇ ਜ਼ੁਲਮ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਤਾਂ ਕਿ ਦੋਸ਼ੀਆਂ ਨੂੰ ਕਾਤਲਾਂ ਦੇ ਕਟਿਹਰੇ ਵਿਚ ਖੜਾ ਕੀਤਾ ਜਾ ਸਕੇ। ਜੇਕਰ ਮੈਨੂੰ ਮੇਰੇ ਜਿਗਰ ਦਾ ਟੋਟਾ ਤੇ ਮੇਰੀ ਬੁਢੇਪੇ ਦੀ ਡੰਗੋਰੀ ਪ੍ਰੇਮ ਮੈਨੂੰ ਮਿਲ ਸਕਦਾ, ਤਾਂ ਘੱਟ ਤੋਂ ਘੱਟ ਇਨਸਾਫ ਤਾਂ ਮਿਲੇ ਤਾਂ ਕਿ ਹੋਰ ਮਾਵਾਂ ਦੇ ਪ੍ਰੇਮ ਕੋਹ ਕੋਹ ਮਾਰੇ ਜਾਣ ਤੋਂ ਬਚ ਸਕਣ। ਅਭਾਗਣ ਔਰਤ

ਸ਼ੀਲਾ ਦੇਵੀ ਪਤਨੀ ਸ਼ਿਵ ਦਿਆਲ, ਪਿੰਡ ਸਿੰਘ ਵਾਲਾ
ਤਹਿਸੀਲ ਮੋਗਾ, ਜ਼ਿਲ੍ਹਾ ਫ਼ਰੀਦਕੋਟ।

## ਡਾ. ਸੁਖਦੇਵ ਸਿੰਘ ਮੈਡੀਕਲ ਅਫਸਰ ਨਾਨੋਵਾਲ ਤੇ ਪੁਲੀਸ ਤਸ਼ੱਦਦ ਸਬੰਧੀ ਜਮਹੂਰੀ ਅਧਿਕਾਰ ਸਭਾ ਪੰਜਾਬ (ਸਮਰਾਲਾ ਯੂਨਿਟ) ਦੀ ਰੀਪੋਰਟ

ਸਮਰਾਲਾ : ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸਮਰਾਲਾ ਯੂਨਿਟ ਵਲੋਂ ਨਿਯੁਕਤ ਤੱਥ ਖੋਜ ਕਮੇਟੀ ਵਲੋਂ ਤਾਂ ਸੁਖਦੇਵ ਸਿੰਘ ਮੈਡੀਕਲ ਅਫਸਰ ਸਰਕਾਰੀ ਡਿਸਪੈਂਸਰੀ ਪਿੰਡ ਨਾਨੋਵਾਲ ਉਤੇ ਹੋਏ ਪੁਲੀਸ ਤਸ਼ੱਦਦ ਦੀ ਵਿਸਥਾਰ ਪੂਰਵਕ ਪੜਤਾਲ ਕੀਤੀ ਗਈ। ਕਮੇਟੀ ਮੈਂਬਰਾਂ ਵਲੋਂ ਕੇਸ ਨਾਲ ਸਬੰਧਤ ਵੱਖ ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤਾਂ ਕਰਨ ਉਪਰੰਤ ਪਤਾ ਲੱਗਾ ਕਿ ਡਾ. ਸੁਖਦੇਵ ਸਿੰਘ 8 ਮਾਰਚ 85 ਨੂੰ ਡਿਸਪੈਂਸਰੀ ਤੋਂ ਸਮਰਾਲਾ ਪੁਲੀਸ ਨੇ ਧਾਰਾ 307 ਤਹਿਤ ਝੂਠਾ ਕੇਸ ਪਾ ਕੇ ਗ੍ਰਿਫਤਾਰ ਕੀਤਾ ਗਿਆ। ਗ੍ਰਿਫਤਾਰ ਕਰਨ ਉਪਰੰਤ ਡਾ. ਸੁਖਦੇਵ ਨੂੰ ਪੁਲੀਸ ਸਟੇਸ਼ਨ ਲਿਜਾ ਕੇ ਉਸਦੇ ਬਾਪ ਸਾਹਮਣੇ ਨੰਗਾ ਕਰਕੇ ਕੁਟਿਆ ਤੇ ਲਗਾਤਾਰ ਹੋਰ ਕਈ ਤਰ੍ਹਾਂ ਅਣਮਨੁੱਖੀ ਤੇ ਨਾਂ ਵਰਨਣਯੋਗ ਤਸੀਹੇ ਦਿਤੇ ਗਏ। ਸੀਨੀਅਰ ਮੈਡੀਕਲ ਅਫਸਰ ਸਮਰਾਲਾ ਵਲੋਂ ਕੀਤੇ ਗਏ ਮੈਡੀਕਲ ਮੁਆਨੇ ਅਨੁਸਾਰ ਡਾਂ. ਸੁਖਦੇਵ ਦੀ ਖੱਬੀ ਪੁੜ-ਪੁੜੀ ਉਤੇ ਤਕੜੀ ਸੱਟ ਸੀ, ਖੱਬੇ ਪੱਟ ਤੇ ਸੱਟਾਂ ਦੇ ਨੀਲੇ ਤੇ ਲਾਲ ਨਿਸ਼ਾਨ ਸਨ। ਤੇ ਇਸ ਤਰ੍ਹਾਂ ਸਰੀਰ ਦੇ ਬਾਕੀ ਹਿਸਿਆਂ ਤੇ ਵੀ ਪੁਲਿਸ ਤਸ਼ੱਦਦ ਦੇ ਨਿਸ਼ਾਨ ਸਨ।

12 ਮਾਰਚ ਨੂੰ ਇਲਾਕੇ ਦੀਆਂ 13 ਪੰਚਾਇਤਾਂ ਵਲੋਂ ਦਰਜਨਾਂ ਦੀ ਗਿਣਤੀ ਵਿਚ ਟਰੈਕਟਰ ਟਰਾਲੀਆਂ ਵਿਚ ਭਰ ਕੇ 4000 ਵਿਅਕਤੀਆਂ ਜਿਨ੍ਹਾਂ ਵਿਚ 1000 ਔਰਤਾਂ ਵੀ ਸ਼ਾਮਲ ਸਨ ਨੇ ਡਾ. ਸੁਖਦੇਵ ਦੇ ਨਿਰਦੋਸ਼ ਹੋਣ ਸਬੰਧੀ S.P. ਲੁਧਿਆਣਾ Detective (ਡੀਟੈਕ-ਟਿਵ) ਸਾਹਮਣੇ ਪੇਸ਼ ਹੋ ਕੇ ਬਿਆਨ ਦਿਤੇ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਕੁਝ ਦਿਨ ਅਦਾਲਤੀ ਰਿਮਾਂਡ ਤੇ ਫੇਰ ਪੁਲੀਸ ਰਿਮਾਂਡ 'ਚ ਰੱਖਣ ਬਾਅਦ ਡਾ. ਨੂੰ ਸਪੈਸ਼ਲ ਕੋਰਟ ਲੁਧਿਆਣਾ 'ਚ ਐਡੀਸ਼ਨ ਸੈਸ਼ਨ ਜੱਜ ਆਰ ਐਲ. ਅਨੰਦ ਦੇ 16/3 ਨੂੰ ਪੇਸ਼ ਕੀਤਾ ਗਿਆ। ਪ੍ਰੰਤੂ S.P. (LDH) Detective ਦੀ ਜਾਂਚ ਪੜਤਾਲ ਅਤੇ ਰੀਪੋਰਟ ਦੇ ਅਧਾਰ ਤੇ ਸਪੈਸ਼ਲ ਕੋਰਟ ਦੇ ਜੱਜ ਨੇ ਡਾ. ਸੁਖਦੇਵ ਨੂੰ ਨਿਰਦੋਸ਼ ਕਰਾਰ ਦੇ ਕੇ ਉਸੇ ਦਿਨ ਬਰੀ ਕਰ ਦਿਤਾ। ਕਮੇਟੀ ਮੈਂਬਰ ਜਿਹੜੇ ਵੱਖ ਵੱਖ ਵਿਅਕਤੀਆਂ ਨੂੰ ਮਿਲੇ ਉਹਨਾਂ ਵਿਚ ਵਕੀਲ, ਸਰਪੰਚ, ਪੰਚ ਤੇ ਸਧਾਰਨ ਕਿਸਾਨ ਸ਼ਾਮਲ ਸਨ। ਉਹਨਾਂ ਸਭ ਲੋਕਾਂ ਨੇ ਡਾ. ਸੁਖਦੇਵ ਦੀ ਲਗਨ, ਈਮਾਨਦਾਰੀ, ਡਾਕਟਰੀ ਪੇਸ਼ੇ ਵਿਚ ਲਗਨ ਤੇ ਮਿਹਨਤ ਤੇ ਉਹਨਾਂ ਦੇ ਨਿੱਘੇ ਸੁਭਾਅ ਨੂੰ ਸਲਾਹਿਆ ਹੈ —ਇਸ ਗੱਲ ਦੀ ਪੁਸ਼ਟੀ ਵੀ ਸਾਰਿਆਂ ਨੇ ਕੀਤੀ ਕਿ ਜਿਹੜੀ ਰਾਤ ਸਮਰਾਲੇ ਫਾਇਰਿੰਗ ਦੀ ਘਟਨਾ ਹੋਈ ਉਸ ਰਾਤ ਡਾ. ਸੁਖਦੇਵ ਡਿਸਪੈਂਸਰੀ ਨੇੜੇ ਸਥਿਤ ਘਰ ਵਿਚ ਹਾਜ਼ਰ ਸੀ ਤੇ ਉਸੇ ਰਾਤ ਉਸ ਨੇ ਕਈ ਮਰੀਜ਼ ਵੀ ਚੈੱਕ ਕੀਤੇ ਸਨ।

ਪੁਲੀਸ ਦੇ ਏਸ ਤਰ੍ਹਾਂ ਦੇ ਅਣਮਨੁੱਖੀ ਤੇ ਗੈਰ-ਕਨੂੰਨੀ ਵਿਵਹਾਰ ਦੇ ਖਿਲਾਫ ਲੋਕਾਂ ਵਿਚ ਭਾਰੀ ਗੁੱਸਾ ਪਾਇਆ ਦੇਖਿਆ ਗਿਆ। ਗਵਾਹਾਂ ਅਨੁਸਾਰ ਇਸ ਸਮੇਂ ਦੌਰਾਨ ਪੁਲੀਸ ਏਸ ਕੇਸ ਦੇ ਗਵਾਹਾਂ ਨੂੰ ਵੀ ਡਰਾ ਧਮਕਾ ਰਹੀ ਹੈ ਤੇ ਪੁਲੀਸ ਅਧਿਕਾਰੀਆਂ ਦੇ ਖਿਲਾਫ ਦਰਜ ਕੀਤੇ ਕੇਸ ਨੂੰ ਵਾਪਸ ਲੈਣ ਲਈ ਲੋਕਾਂ ਤੇ ਤਰ੍ਹਾਂ ਤਰ੍ਹਾਂ ਦਬਾਅ ਪਾ ਕੇ ਕਈ ਤਰ੍ਹਾਂ ਨਾਲ ਤੰਗ ਕਰ ਰਹੀ ਹੈ।

**ਜਾਂਚ ਕਮੇਟੀ ਦੇ ਸਿੱਟੇ ਅਤੇ ਮੰਗ** : ਦੋਸ਼ੀ ਪੁਲਿਸ ਅਧਿਕਾਰੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ।

2. ਕੇਸ ਨਾਲ ਸਬੰਧਤ ਗਵਾਹਾਂ ਤੇ ਹੋਰ ਲੋਕਾਂ ਨੂੰ ਸਮਰਾਲਾ ਪੁਲੀਸ ਵਲੋਂ ਨਜਾਇਜ਼ ਤੰਗ ਕਰਨਾ ਬੰਦ ਕੀਤਾ ਜਾਵੇ।

3. ਡਾ. ਸੁਖਦੇਵ ਤੇ ਜੇ ਕੋਈ ਕਿਸੇ ਕਿਸਮ ਦਾ ਝੂਠਾ ਕੇਸ ਪਾਇਆ ਗਿਆ ਉਹ ਵਾਪਸ ਲਿਆ ਜਾਵੇ।

ਕੁਲਵੰਤ ਸਿੰਘ ਸਕੱਤਰ
ਜਮਹੂਰੀ ਅਧਿਕਾਰ ਸਭਾ ਪੰਜਾਬ ਯੂਨਿਟ (ਲੁਧਿਆਣਾ)

## ਇਕ ਚਿੱਠੀ

ਅਪ੍ਰੈਲ ਦਾ ਅੰਕ ਪੜ੍ਹ ਕੇ ਬੇਹੱਦ ਖੁਸ਼ੀ ਹੋਈ ਹੈ। ਕਿਉਂਕਿ ਇਸ ਵਿਚਲੇ ਦੋ ਲੇਖ ਜਿਹੜੇ 'ਖਾਲਿਸਤਾਨ ਦੇ ਸੰਬੰਧ ਵਿਚ ਛਪੇ ਹਨ ਬਹੁਤ ਹੀ ਪ੍ਰਭਾਵਸ਼ਾਲੀ ਹਨ। ਮਾਰਚ ਮਹੀਨੇ ਦੇ ਅੰਕ ਵਿਚ ਤੁਸੀਂ ਜਾਸੂਸੀ ਕਾਂਡ ਬਾਰੇ ਸੰਪਾਦਕੀ ਟਿਪਣੀਆਂ ਵਿਚ ਇਸ ਗੱਲ ਬਾਰੇ ਕਿਹਾ ਸੀ ਕਿ ਇਹ ਕੋਈ ਅਲੋਕਾਰੀ ਗੱਲ ਨਹੀਂ ਸਗੋਂ ਅੱਜ ਦੀਆਂ ਅੰਤਰ-ਰਾਸ਼ਟਰੀ ਆਰਥਿਕ ਤੇ ਰਾਜਨੀਤਕ ਪ੍ਰਸਥਿਤੀਆਂ ਹੀ ਅਜਿਹੀਆਂ ਹਨ ਕਿ ਜਿਹੜਾ ਵੀ ਮੁਲਕ ਭਾਰਤ ਨਾਲ ਆਪਣੇ ਸੰਬੰਧ ਕਾਇਮ ਰਖੇਗਾ ਉਹਦੀ ਇਹ ਲੋੜ ਹੋਵੇਗੀ ਕਿ ਉਹਨੂੰ ਇਥੋਂ ਦੀ ਗੁਪਤਚਰ ਰਿਪੋਰਟ ਮਿਲਦੀ ਰਹੇ। ਰੂਸ, ਚੀਨ ਵਲ ਵੀ ਤੁਹਾਡਾ ਇਸ਼ਾਰਾ ਸਪਸ਼ਟ ਸੀ। ਪ੍ਰੰਤੂ ਹਾਲੇ ਵੀ ਕਈ 'ਕਾਮਰੇਡ' ਰੂਸ ਨੂੰ ਸਮਾਜਵਾਦੀ ਕਹੀ ਜਾਂਦੇ ਹਨ। ਹੁਣੇ ਪਿਛਲੇ ਦਿਨੀਂ ਰੂਸ ਦੇ ਜਸੂਸੀ ਕਾਂਡ ਵਿਚ ਸ਼ਾਮਲ ਹੋਣ ਬਾਰੇ ਖਬਰ ਵੀ ਛਪ ਗਈ ਹੈ। ਫਰਵਰੀ ਅੰਕ ਵਿਚ ਬਹਾਦਰ ਸ਼ਾਥੀ ਸਮਾਧ ਭਾਈ (ਫਰੀਦਕੋਟ) ਨੇ ਸਾਡੇ ਕਮਿਊਨਿਸਟ ਇਨਕਲਾਬੀਆਂ ਦੀ ਇਸ ਗੱਲ ਤੇ ਇਤਰਾਜ਼ ਉਠਾਇਆ ਹੈ ਕਿ ਉਹ ਰੂਸ ਨੂੰ

Registered with the Registrar, News Papers, Vide No. MA/12397-D dated 18.4.80
Post Office No. P/AR—133

ਵੀ, ਅਮਰੀਕਾ ਦੀ ਤਰ੍ਹਾਂ ਦੁਨੀਆਂ ਨੂੰ ਲੁੱਟ ਰਿਹਾ ਹੈ, ਦਸਦੇ ਹਨ।

ਭਾਅ ਜੀ, ਮੇਰਾ ਬਹਾਦਰ ਸਾਥੀ ਨੂੰ ਇਹੋ ਹੀ ਸੁਝਾਅ ਹੈ ਉਹ ਜਦੋਂ ਅੰਮ੍ਰਿਤਸਰ ਤੇ ਹਮਲਾ ਹੋਇਆ ਸੀ ਉਦੋਂ ਦੇ ਰੂਸੀ ਪ੍ਰਭੂਆਂ ਦੇ ਬਿਆਨ ਪੜ੍ਹ ਲਵੇ ਜਿਹੜੇ ਕਹਿੰਦੇ ਸੀ ਕਿ ਇੰਦਰਾ ਨੇ ਹਰਿਮੰਦਰ ਸਾਹਿਬ ਤੇ ਹਮਲਾ ਕਰਵਾ ਕੇ ਦੇਸ਼ ਦੀ ਏਕਤਾ ਬਚਾ ਲਈ ਹੈ।' ਉਨਾ 'ਸਮਾਜਵਾਦੀ' ਪ੍ਰਭੂਆਂ ਦੀ ਹਮਦਰਦੀ ਉਦੋਂ ਕਿਥੇ ਸੀ, ਜਦੋਂ ਕਾਂਗਰਸ (ਆਈ) ਦੀ ਸਾਜ਼ਿਸ਼ ਨਾਲ ਦਿੱਲੀ ਤੇ ਹੋਰ ਸ਼ਹਿਰਾਂ ਵਿਚ ਕਤਲੇਆਮ ਹੋ ਰਿਹਾ ਸੀ। ਬਾਕੀ ਭਾਅ ਜੀ, ਕਈ 'ਕੱਟੜ' ਕਾਮਰੇਡ ਹਾਲੇ ਵੀ ਇਹੀ ਕਹਿੰਦੇ ਹਨ ਕਿ ਰੂਸ ਤਾਂ ਉਂਝ ਹੀ ਅਮਰੀਕਾ ਦੇ ਵਿਰੋਧ ਵਿਚ ਜੰਗੀ ਕਾਰਵਾਈਆਂ ਕਰਦਾ ਹੈ, ਵੈਸੇ ਤਾਂ ਉਹ ਅਮਨ ਪਸੰਦ ਹੈ। ਭਾਅ ਜੀ, ਤੁਸੀਂ ਜਾਂ ਤਾਂ ਇਹਦੇ ਬਾਰੇ ਖੋਲ ਕੇ ਸਮਝਾਉ, ਨਹੀਂ ਤਾਂ ਹੋਰ ਕਿਸੇ ਸਾਥੀ ਦੇ ਵਿਚਾਰ ਤੱਥਾਂ ਸਮੇਤ (ਜਿਸ ਤਰ੍ਹਾਂ ਖਾਲਿਸਤਾਨ ਸੰਬੰਧੀ ਲੇਖਾਂ ਵਿਚ ਪੇਸ਼ ਕੀਤੇ ਹਨ) ਛਾਪਣ ਦੀ ਮਿਹਰਬਾਨੀ ਕਰੋ। ਹੋਰ ਭਾਅ ਜੀ ਮਾਰਚ ਮਹੀਨੇ ਵਿਚ ਜੋਤਿਸ਼ ਬਾਰੇ ਬਹੁਤ ਵਧੀਆ ਲਿਖਿਆ ਸੀ। ਅੱਜ ਮੁੱਖ ਲੋੜ ਵਿਚਾਰਧਾਰਕ ਲੜਾਈ ਲੜਨ ਦੀ ਹੈ। 'ਮੈਂ ਨਾਸਤਕ ਕਿਉਂ ਹਾਂ' ਜਿਹੜਾ ਨਾਟਕ ਹੈ ਜੇ ਉਸ ਨੂੰ ਵਧਾਕੇ, ਵਾਰਤਕਮਈ ਬਣਾ ਕੇ ਹੋਰ ਰੌਚਕ ਤੇ ਪ੍ਰਭਾਵਸ਼ਾਲੀ ਰੂਪ ਦਿੱਤਾ ਜਾਵੇਗਾ ਤਾਂ ਮੈਂ ਸਮਝਾਂਗਾ ਕਿ ਨਾਸਤਿਕਤਾ ਦੀ ਲਹਿਰ ਖੜੀ ਕਰਨ, ਸ਼ਹੀਦ ਭਗਤ ਸਿੰਘ ਦੇ ਫਲਸਫੇ ਨੂੰ ਆਮ ਲੋਕਾਂ ਤਕ ਪਹੁੰਚਾਣ ਦਾ ਇਹ ਬਹੁਤ ਵਧੀਆ ਢੰਗ ਹੋਵੇਗਾ। ਅੱਛਾ ਭਾਅ ਜੀ, ਜੇਕਰ ਰੂਸ ਬਾਰੇ ਹੋ ਸਕੇ ਤਾਂ ਜ਼ਰੂਰ ਵਿਸਥਾਰ ਪੂਰਵਕ ਲਿਖਣਾ। ਭਾਵੇਂ ਜੈਕਾਰਾ ਪ੍ਰਕਾਸ਼ਨ ਵਲੋਂ ਇਕ ਪੁਸਤਕ ਵੀ ਅੰਗਰੇਜ਼ੀ ਵਿਚ ਵੀ ਉਪਲਬਦ ਹੈ।

—ਰਣਧੀਰ ਸਿੰਘ ਸਿਵੀਆ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਪੰਜਾਬ ਲੋਕ ਸਭਿਆਚਾਰ ਮੰਚ ਦਾ ਬਠਿੰਡਾ ਜ਼ੋਨ ਦਾ
## ਸਾਹਿਤ ਅਤੇ ਸਭਿਆਚਾਰਕ ਸਮਾਗਮ
## 19 ਮਈ ਰਾਮਪੁਰਾਫੂਲ ਵਿਚ

ਪਲਸ ਮੰਚ ਵਲੋਂ ਲੋਕ ਏਕਤਾ ਯੂਥ ਫਰੰਟ ਰਾਮਪੁਰਾਫੂਲ ਦੇ ਸਹਿਯੋਗ ਨਾਲ ਬਠਿੰਡਾ ਜ਼ੋਨ ਦਾ ਇਕ ਵਡੀ ਪੱਧਰ ਤੇ ਸਾਹਿਤਕ ਅਤੇ ਸਭਿਆਰਕ ਸਮਾਗਮ ਐਤਵਾਰ 19 ਮਈ ਰਾਮਪੁਰਾ ਫੂਲ ਵਿਚ ਹੋਵੇਗਾ। ਇਹ ਸਮਾਗਮ ਦੁਪਹਿਰ ਦੋ ਵਜੇ ਤੋਂ ਸ਼ੁਰੂ ਹੋ ਕੇ ਅਗਲੇ ਦਿਨ ਪਹੁ ਫੁਟਾਲੇ ਤਕ, ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚਲੇਗਾ।

o ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤਕ : ਵਿਚਾਰ ਗੋਸ਼ਟੀ—ਅੱਜ ਦੀ ਸਥਿਤੀ ਸਮਾਜੀ ਟਕਰਾਅ ਤੇ ਸਿਆਸੀ ਜੱਬਰ) ਵਿਚ ਸਾਹਿਤਕਾਰ ਦਾ ਕਰਤੱਵ।

ਇਹ ਵਿਚਾਰ ਗੋਸ਼ਟੀ ਬਹਿਸ ਦੀ ਸ਼ਕਲ ਵਿਚ ਹੋਏਗੀ। ਇਸ ਵਿਚ ਅਪਣੇ ਵਿਰਸੇ ਅਤੇ ਇਤਹਾਸ ਵਲ ਇਕ ਵਿਗਿਆਨਿਕ ਪਹੁੰਚ, ਔਰਤਾਂ ਦੀ ਮੁਕਤੀ ਬਾਰੇ ਵਿਗਿਆਨਿਕ ਸੰਕਲਪ, ਇਕ ਮੁਕਤ ਔਰਤ ਅਤੇ ਆਜ਼ਾਦ ਔਰਤ ਦਾ ਅੰਤਰ, ਵੀਹਵੀਂ ਸਦੀ ਵਿਚ ਅੰਧ ਵਿਸ਼ਵਾਸ ਅਤੇ ਦਲੀਲ ਦੀ ਟੱਕਰ ਵਿਚ ਧਰਮ ਦੀ ਭੂਮਿਕਾ, ਸਾਹਿਤਕਾਰ ਅਤੇ ਰਾਜਨੀਤੀ ਦਾ ਰਿਸ਼ਤਾ ਵਰਗੇ ਵਿਸ਼ੇ ਛੋਹੇ ਜਾਣਗੇ।' ਇਸ ਗੋਸ਼ਟੀ ਨੂੰ ਨਾਟਕਕਾਰ ਗੁਰਸ਼ਰਨ ਸਿੰਘ ਅਰੰਭ ਕਰਨਗੇ। ਬਾਅਦ ਵਿਚ ਹਰ ਬੋਲਣ ਵਾਲੇ ਨੂੰ 15 ਮਿੰਟ ਅਪਣੇ ਵਿਚਾਰ ਪੇਸ਼ ਕਰਨ ਲਈ ਸਮਾਂ ਦਿਤਾ ਜਾਏਗਾ।

o ਸ਼ਾਮ 5 ਵਜੇ ਤੋਂ 7 ਵਜੇ ਤੱਕ : ਕਵਿਤਾ ਸਮਾਗਮ

o ਰਾਤ $8\frac{1}{2}$ ਤੋਂ ਸਵੇਰੇ 4 ਵਜੇ ਤਕ : ਸਭਿਆਚਾਰਕ ਪ੍ਰੋਗਰਾਮ ਜਿਸ ਵਿਚ ਨਾਟਕ, ਕਾਵਿ ਨਾਟ ਐਕਸ਼ਨ ਗੀਤ ਅਤੇ ਗੀਤ ਸੰਗੀਤ ਪੇਸ਼ ਕੀਤੇ ਜਾਣਗੇ। ਪੰਜਾਬ ਭਰ ਦੀਆਂ ਨਾਟਕ ਅਤੇ ਸੰਗੀਤ ਮੰਡਲੀਆਂ ਇਸ ਪ੍ਰੋਗਰਾਮ ਵਿਚ ਹਿੱਸਾ ਲੈਣਗੇ।

ਇਲਾਕੇ ਭਰਦੇ ਲੋਕਾਂ ਨੂੰ ਪਰਵਾਰ ਸਮੇਤ ਇਸ ਲੋਕ ਪੱਖੀ ਸਾਹਿਤਕ ਅਤੇ ਸਭਿਆਚਾਰਕ ਸਮਾਗਮ ਤੇ ਆਉਣ ਦਾ ਸੱਦਾ ਹੈ।

| | | |
|---|---|---|
| ਪ੍ਰਧਾਨ ਅਤੇ ਸਕੱਤ੍ਰ | ਗੁਰਸ਼ਰਨ ਸਿੰਘ | ਸਥੰਜਿੰਦਰ ਕੇਦਾਰ |
| ਲੋਕ ਏਕਤਾ ਯੂਥ ਫਰੰਟ, ਰਾਮਪੁਰਾ ਫੂਲ, | ਪ੍ਰਧਾਨ ਪਲਸ ਮੰਚ | ਜ. ਸਕੱਤ੍ਰ ਪਲਸ ਮੰਚ |

ਨੋਟ : ਰੈਸ਼ਨਲਿਸਟ ਸੋਸਾਇਟੀ ਪੰਜਾਬ ਦੀ ਦੂਜੀ ਕਿਤਾਬ ਦੇਵਤੇ, ਦੈਂਤ ਅਤੇ ਰੂਹਾਂ ਇਸ ਸਮਾਗਮ ਤੇ ਰੀਲੀਜ਼ ਕੀਤੀ ਜਾਏਗੀ